ਦੇਸ਼-ਵਿਦੇਸ਼ ਤੋਂ ਪੱਤਰਕਾਰਾਂ ਦੀ ਲੋੜ
90416 59160

ਰੋਜ਼ਾਨਾ
ਇਨਕਲਾਬੀ ਸੋਚ ਨੂੰ ਸਮਰਪਿਤ

# ਸਟਿੰਗ ਆਪ੍ਰੇਸ਼ਨ

(ਜਲੰਧਰ)

Postal Regd. No.
PB/JL-067/2024-26

RNI Regd. No. PUN/MUL/2012/47956

www.stingoperation.us
E-mail : stingnews24@gmail.com

Visit on facebook
Like us on Facebook
www.facebook.com/Sting Operation
WhatsApp No. : 90416-59160

ਮੁੱਖ ਸੰਪਾਦਕ
ਸੁਦੇਸ਼ ਕੁਮਾਰ ਬੱਗਾ

ਜਲੰਧਰ • ਸ਼ਨੀਵਾਰ, 30 ਮਾਰਚ 2024

ਸਾਲ : 13, ਅੰਕ 45, Ph. 0181-7967771 (Landline) Mob. : 90416-59160 , 94177-17088

## ਸ਼੍ਰੋਮਣੀ ਕਮੇਟੀ ਵਲੋਂ ਸਾਲ 2024-25 ਲਈ

# 12 ਅਰਬ 60 ਕਰੋੜ ਤੋਂ ਵੱਧ ਦਾ ਬਜਟ ਪਾਸ

**ਅੰਮ੍ਰਿਤਸਰ, 29 ਮਾਰਚ (ਹਰਪਾਲ ਸਿੰਘ ਭੰਗੂ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਲਾਨਾ ਬਜਟ ਪੇਸ਼ ਕੀਤਾ ਗਿਆ ਹੈ। ਸਲਾਨਾ ਬਜਟ ਜਰਨਲ ਇਜਲਾਸ 2024-25 ਸ੍ਰੀ ਹਰਿਮੰਦਰ ਸਾਹਿਬ ਵਿਖੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਇਆ। ਇਸ ਦੌਹਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਅਹੁਦੇ ਤੇ ਮੈਂਬਰ ਸ਼ਾਮਲ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਹੋਏ ਜਨਰਲ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਰਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਪਿਛਲੀ ਵਾਰ 11 ਅਰਬ 38 ਕਰੋੜ 14 ਲੱਖ ਰੁਪਏ ਦਾ ਬਜਟ ਪੇਸ਼ ਕੀਤਾ ਗਿਆ ਸੀ ਅਤੇ ਇਸ ਵਾਰ ਸ਼੍ਰੋਮਣੀ ਕਮੇਟੀ ਵਲੋਂ , 12 ਅਰਬ 60 ਕਰੋੜ 97 ਲੱਖ 38 ਹਜ਼ਾਰ ਰੁਪਏ ਦਾ ਬਜਟ ਪੇਸ਼ ਕੀਤਾ ਗਿਆ ਹੈ। ਇਜਲਾਸ ਤੋਂ ਪਹਿਲਾਂ ਪ੍ਰਧਾਨ ਧਾਮੀ ਵੱਲੋਂ ਸ਼ੋਕ ਮਤੇ ਪੜ੍ਹੇ ਗਏ ਹਨ। ਬਜਟ ਦੇ ਸ਼ੁਰੂ ਵਿੱਚ ਹੀ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਚੁੱਕਿਆ। ਐਡਵੋਕੇਟ ਧਾਮੀ ਨੇ ਕਿਹਾ ਕਿ ਜੇਲ੍ਹ ਵਿੱਚ ਬੰਦ ਕੈਦੀ ਸਿੱਖ ਸੰਵਿਧਾਨ ਅਨੁਸਾਰ ਦੁੱਗਣੀ ਸਜ਼ਾ ਪੂਰੀ ਕਰ ਚੁੱਕੇ ਹਨ ਪਰ ਕੇਂਦਰ ਉਨ੍ਹਾਂ ਨੂੰ ਰਿਹਾਅ ਕਰਨ ਵੱਲ ਧਿਆਨ ਨਹੀਂ ਦੇ ਰਿਹਾ। ਸ਼੍ਰੋਮਣੀ ਕਮੇਟੀ ਵੱਲੋਂ 5 ਮੈਂਬਰੀ ਕਮੇਟੀ ਬਣਾਈ ਗਈ ਸੀ ਪਰ ਕੇਂਦਰ ਨੇ ਸਮਾਂ ਨਹੀਂ ਦਿੱਤਾ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਕੇਂਦਰ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਪ੍ਰਤੀ ਗੈਰ-ਜ਼ਿੰਮੇਵਾਰਾਨਾ ਰਵੱਈਆ ਹੈ। ਉਨ੍ਹਾਂ ਕਿਹਾ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਤਿਹਾਸ ਜਾਲਮ ਮੁਗਲ ਹਕੂਮਤ ਦਾ ਵੀ ਹੰਕਾਰ ਤੋੜਨ ਵਾਲਾ ਰਿਹਾ ਹੈ ਅਤੇ ਇਥੇ ਵੱਡੇ-ਵੱਡੇ ਹੁਕਮਰਾਨ ਅਤੇ ਮਹਾਰਾਜੇ ਵੀ ਝੁਕਦੇ ਰਹੇ ਹਨ। ਅੱਜ ਦਾ ਜਨਰਲ ਇਜਲਾਸ ਕੇਂਦਰ ਸਰਕਾਰ ਨੂੰ ਸਪੱਸ਼ਟ ਕਰਦਾ ਹੈ ਕਿ ਬੰਦੀ ਸਿੰਘਾਂ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਤ ਕੀਤੀ ਗਈ ਪੰਜ ਮੈਂਬਰੀ ਕਮੇਟੀ ਦਾ ਵਜੂਦ ਇਤਿਹਾਸ ਅਤੇ ਸਿਧਾਂਤ ਦੀ ਧਾਰਾ ਨਾਲ ਜੁੜਿਆ ਹੋਇਆ



ਹੈ। ਇਸ ਲਈ ਕੇਂਦਰ ਸਰਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਤਿਕਾਰ ਕਰਦਿਆਂ ਬੰਦੀ ਸਿੰਘਾਂ ਦੇ ਮਾਮਲੇ 'ਤੇ ਪੰਜ ਮੈਂਬਰੀ ਕਮੇਟੀ ਨਾਲ ਗੱਲਬਾਤ ਦਾ ਰਾਹ ਖੋਲ੍ਹੇ ਅਤੇ ਸਿੱਖ ਕੌਮ ਨੂੰ ਸੰਘਰਸ਼ ਦੇ ਰਾਹ 'ਤੇ ਤੁਰਨ ਲਈ ਮਜ਼ਬੂਰ ਨਾ ਕਰੇ। ਬਜਟ ਇਜਲਾਸ ਮਗਰੋਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਬਜਟ ਵਿਚ ਇਸ ਵਾਰ ਬੀਤੇ ਵਰ੍ਹੇ ਨਾਲੋਂ ਇਸ ਵਾਰ 300 ਕਰੋੜ ਦਾ ਵਾਧਾ ਦਰਜ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇਸ ਵਾਰ ਸੁਥਰੇ ਢੰਗ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਬਜਟ ਦੀ ਵੰਡ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਵਿੱਤੀ ਵਰ੍ਹੇ ਦਾ ਬਜਟ 11 ਅਰਬ 38 ਕਰੋੜ ਰੁਪਏ ਦਾ ਸੀ ਇਸ ਵਾਰ 12 ਅਰਬ 60 ਕਰੋੜ 97 ਲੱਖ 38 ਹਜਾਰ ਰੁਪਏ ਦਾ ਬਜਟ ਪੇਸ਼ ਕੀਤਾ ਗਿਆ ਹੈ। ਧਾਮੀ ਨੇ ਕਿਹਾ ਕਿ ਸਭ ਤੋਂ ਵੱਡਾ ਖ਼ਰਚ ਤਨਖਾਹਾਂ ਦਾ ਹੈ। ਪੰਜ ਅਰਬ 33 ਕਰੋੜ 17 ਹਜ਼ਾਰ 227 ਰੁਪਏ ਰੱਖੇ ਗਏ ਹਨ। ਪੰਥਕ ਕਾਰਜਾਂ ਦੇ ਲਈ 7 ਕਰੋੜ 16 ਲੱਖ 73 ਹਜਾਰ ਰੁਪਏ ਰੱਖੇ ਗਏ ਹਨ। ਜਿਹੜੇ ਵੱਖ-ਵੱਖ ਕਾਰਜ ਹਨ ਲੋਕ ਭਲਾਈ ਦੇ ਕਾਰਜ ਗਰੀਬ ਪਰਿਵਾਰਾਂ ਦੇ ਲੋੜਵੰਦਾਂ ਦੀ ਸਹਾਇਤਾ ਲਈ 6 ਕਰੋੜ 88 ਲੱਖ ਰੁਪਏ ਰੱਖੇ ਗਏ ਹਨ ਮੁਫ਼ਤ ਵਿਦਿਆ ਜਿਸ ਵਿੱਚ ਦੋ ਅਦਾਰੇ ਮਾਤਾ ਸਾਹਿਬ ਕੌਰ ਖਾਲਸਾ ਗਰਲ ਸਕੂਲ ਤੇ ਉਸ ਦੇ ਨਾਲ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ, ਇਸ ਤੋਂ ਇਲਾਵਾ ਅੰਮ੍ਰਿਤਧਾਰੀ ਬੱਚਿਆਂ ਦਾ ਅਤੇ ਸਕੋਲਰਸ਼ਿਪ ਲਈ 7 ਕਰੋੜ 20 ਲੱਖ ਰੁਪਏ ਰੱਖੇ ਗਏ ਹਨ। ਇਸ ਦੇ ਨਾਲ ਹੀ ਜਿਹੜਾ ਵਿਦਿਆ ਦਾ ਫੰਡ ਰੱਖਿਆ ਗਿਆ ਹੈ, ਕੁੱਲ 67 ਕਰੋੜ ਰੁਪਏ ਰੱਖਿਆ ਗਿਆ ਹੈ ਉਸ ਦਾ 41 ਕਰੋੜ ਤੇ ਨਵੀਨੀਕਰਨ ਲਈ ਦੋ ਕਰੋੜ ਇਮਾਰਤ ਦੀ ਰੰਗ ਰੋਕਣ ਲਈ ਦੋ ਕਰੋੜ ਰੁਪਏ ਮੀਰੀ ਪੀਰੀ ਅਕੈਡਮੀ ਲੇਡੀ 8 ਕਰੋੜ ਤੇ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਲਈ 8 ਕਰੋੜ ਰੁਪਏ ਰੱਖੇ ਗਏ ਹਨ। ਜ਼ਿਕਰਯੋਗ ਹੈ ਕਿ ਪਿਛਲੀ ਵਾਰ 11 ਅਰਬ 38 ਕਰੋੜ 14 ਲੱਖ ਰੁਪਏ ਦਾ ਬਜਟ ਪੇਸ਼ ਕੀਤਾ ਗਿਆ ਸੀ ਅਤੇ ਇਸ ਵਾਰ ਸ਼੍ਰੋਮਣੀ ਕਮੇਟੀ ਵਲੋਂ 12 ਅਰਬ 60 ਕਰੋੜ 97 ਲੱਖ 38 ਹਜ਼ਾਰ ਰੁਪਏ ਦਾ ਬਜਟ ਪੇਸ਼ ਕੀਤਾ ਗਿਆ ਹੈ।




## ਜਲੰਧਰ ਜ਼ਿਲ੍ਹੇ 'ਚ ਧਾਰਾ 144 ਲਾਗੂ, ਕਮਿਸ਼ਨਰੇਟ ਪੁਲਸ ਨੇ ਲਗਾਈ ਇਹ ਪਾਬੰਦੀ

**ਜਲੰਧਰ, 29 ਮਾਰਚ (ਸਟਿੰਗ ਆਪ੍ਰੇਸ਼ਨ ਬਿਊਰੋ)**-ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦੇ ਹੋਏ ਜਲੰਧਰ ਵਿਚ ਧਾਰਾ 144 ਲਾਗੂ ਕੀਤੀ ਗਈ ਹੈ। ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਧਾਰਾ 144 ਤਹਿਤ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੁਲਸ ਕਮਿਸ਼ਨਰੇਟ ਜਲੰਧਰ ਦੀ ਹੱਦ ਵਿਚ ਕਿਸੇ ਵੀ ਤਰ੍ਹਾਂ ਦੇ ਲਾਇਸੈਂਸੀ ਹਥਿਆਰ, ਜਿਸ ਦੀ ਵਰਤੋਂ ਅਸ਼ਾਂਤੀ ਫੈਲਾਉਣ ਲਈ ਕੀਤੀ ਜਾ ਸਕਦੀ ਹੈ, ਨੂੰ 10 ਜੂਨ ਤਕ ਲਿਜਾਣ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਹੈ। ਹੁਕਮ ਵਿਚ ਇਹ ਵੀ ਕਿਹਾ ਗਿਆ ਹੈ ਕਿ ਪੁਲਸ ਕਮਿਸ਼ਨਰੇਟ ਜਲੰਧਰ ਦੀ ਹੱਦ ਵਿਚ ਆਉਣ ਵਾਲੇ ਅਸਲਾ ਲਾਇਸੈਂਸਧਾਰਕ ਆਪਣੇ ਸਾਰੇ ਤਰ੍ਹਾਂ ਦੇ ਲਾਇਸੈਂਸਸ਼ੁਦਾ ਹਥਿਆਰ ਹਰ ਹਾਲਾਤ ਵਿਚ ਆਪਣੇ ਨਜ਼ਦੀਕੀ ਪੁਲਸ ਸਟੇਸ਼ਨਾਂ ਜਾਂ ਅਧਿਕਾਰਤ ਅਸਲਾ ਡੀਲਰਾਂ ਕੋਲ ਤੁਰੰਤ ਜਮ੍ਹਾ ਕਰਵਾਉਣ। ਅਸਲਾ ਸਮੇਂ 'ਤੇ ਜਮ੍ਹਾ ਨਾ ਕਰਨ 'ਤੇ ਫ਼ੌਜਦਾਰੀ ਜ਼ਾਬਤੇ ਤਹਿਤ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਪੁਲਸ ਕਮਿਸ਼ਨਰ ਜਲੰਧਰ ਵੱਲੋਂ ਜਾਰੀ ਹੁਕਮ ਵਿਚ ਇਹ ਵੀ ਕਿਹਾ ਗਿਆ ਹੈ ਕਿ ਫ਼ੌਜ ਦੇ ਜਵਾਨ, ਅਰਧ ਸੈਨਿਕ ਬਲ, ਪੁਲਸ ਅਧਿਕਾਰੀ, ਬੈਂਕ ਸੁਰੱਖਿਆ ਗਾਰਡ, ਸੁਰੱਖਿਆ ਗਾਰਡ, ਖਿਡਾਰੀ (ਜੋ ਰਾਸ਼ਟਰੀ ਰਾਈਫਲ ਐਸੋਸੀਏਸ਼ਨ ਦੇ ਮੈਂਬਰ ਅਤੇ ਹਿੱਸਾ ਲੈ ਰਹੇ ਹੋਣ) ਨੂੰ ਆਪਣਾ ਲਾਇਸੈਂਸ ਜਮ੍ਹਾ ਕਰਵਾਉਣ ਤੋਂ ਛੋਟ ਦਿੱਤੀ ਗਈ ਹੈ। ਇਸ ਤੋਂ ਇਲਾਵਾ ਜਿਨ੍ਹਾਂ ਵਿਅਕਤੀਆਂ ਨੂੰ ਨਿੱਜੀ ਸੁਰੱਖਿਆ ਕਾਰਨਾਂ ਕਾਰਨ ਸਮਰੱਥ ਅਥਾਰਿਟੀ ਵੱਲੋਂ ਲਾਇਸੈਂਸ ਮਿਲਿਆ ਹੈ, ਉਨ੍ਹਾਂ ਨੂੰ ਹਥਿਆਰ ਜਮ੍ਹਾ ਕਰਨ ਤੋਂ ਛੋਟ ਦਿੱਤੀ ਗਈ ਹੈ, ਇਹ ਹੁਕਮ 26-5-2024 ਤਕ ਲਾਗੂ ਰਹੇਗਾ।

## ਇੰਝ ਫ਼ਿਲਮੀ ਅੰਦਾਜ਼ 'ਚ ਮੁਖਤਾਰ ਨੇ ਲਿਆ ਸੀ ਆਪਣੇ 'ਤੇ ਹੋਏ ਹਮਲੇ ਦਾ ਬਦਲਾ, 6 ਏ.ਕੇ.-47 ਤੋਂ ਚੱਲੀਆਂ 400 ਗੋਲੀਆਂ, ਲਾਸ਼ਾਂ ਦੇ ਉੱਡ ਗਏ ਚਿੱਥੜੇ

**ਲਖਨਊ, 29 ਮਾਰਚ (ਸਟਿੰਗ ਆਪ੍ਰੇਸ਼ਨ ਬਿਊਰੋ)**-ਬੀਤੇ ਦਿਨ ਦੇਰ ਰਾਤ ਨੂੰ ਮੁਖਤਾਰ ਅੰਸਾਰੀ ਦੀ ਉੱਤਰ ਪ੍ਰਦੇਸ਼ ਦੇ ਬਾਂਦਾ ਮੈਡੀਕਲ ਕਾਲਜ ਵਿੱਚ ਇਲਾਜ ਦੌਰਾਨ ਮੌਤ ਹੋ ਗਈ। ਦੱਸ ਦਈਏ ਜੇਲ੍ਹ ਵਿੱਚ ਬੰਦ ਅੰਸਾਰੀ ਦੀ ਸਿਹਤ ਖਰਾਬ ਹੋਈ ਤਾਂ ਉਸ ਨੂੰ ਇਲਾਜ ਲਈ ਹਸਪਤਾਲ 'ਚ ਭਰਤੀ ਕਰਵਾਇਆ ਗਿਆ। ਜਿੱਥੇ ਦਿਲ ਦੇ ਦੌਰੇ ਕਰਕੇ ਉਸਦੀ ਮੌਤ ਹੋ ਗਈ। ਮੁਖਤਾਰ ਅੰਸਾਰੀ ਦੇ ਕਈ ਕਿੱਸੇ ਮਸ਼ਹੂਰ ਹਨ। ਜਿਸ ਕਾਰਨ ਇਕ ਸਮੇਂ ਪਰਵਾਂਚਲ ਸਮੇਤ ਪੂਰਾ ਉੱਤਰ ਪ੍ਰਦੇਸ਼ ਡਰ ਵਿੱਚ ਰਹਿੰਦਾ ਸੀ।



ਗੱਲ ਸਾਲ 2001 ਦੀ ਹੈ ਜਦੋਂ 15 ਜੁਲਾਈ ਨੂੰ ਮੁਖਤਾਰ ਦੇ ਕੁੱਝ ਵਿਰੋਧੀਆਂ ਵੱਲੋਂ ਉਸਦੇ ਖੁਦ ਦੇ ਇਲਾਕੇ 'ਚ ਦਾਖਲ ਹੋ ਕੇ ਉਸ 'ਤੇ ਜਾਨਲੇਵਾ ਹਮਲਾ ਕਰ ਦਿੱਤਾ ਸੀ। ਮੁਖਤਾਰ ਅਕਸਰ ਗੈਂਗ ਵਾਰ ਵਿਚ ਹੋ ਰਹੇ ਹਮਲਿਆਂ ਬਾਰੇ ਸੁਚੇਤ ਰਹਿੰਦਾ ਸੀ। ਜਿਸ ਕਰਕੇ ਉਹ ਅਕਸਰ ਹੀ ਆਪਣੀਆਂ ਗੱਡੀਆਂ ਨੂੰ ਬਦਲਦਾ ਰਹਿੰਦਾ ਸੀ। 15 ਜੁਲਾਈ ਨੂੰ ਉਸ ਦੇ ਕਾਫਲੇ ਨੂੰ ਰੇਲਵੇ ਫਾਟਕ ਨੇੜੇ ਘੇਰ ਲਿਆ ਗਿਆ ਅਤੇ ਉਸ ਦੀ ਗੱਡੀ 'ਤੇ ਅੰਨ੍ਹੇਵਾਹ ਗੋਲੀਬਾਰੀ ਸ਼ੁਰੂ ਕਰ ਦਿੱਤੀ ਗਈ। ਇਸ ਤੋਂ ਬਾਅਦ ਮੁਖਤਾਰ ਅੰਸਾਰੀ ਕਾਰ ਤੋਂ ਬਾਹਰ ਆਇਆ ਅਤੇ ਆਪਣੀ ਰਾਈਫਲ ਕੱਢ ਕੇ ਚਾਰਜ ਸੰਭਾਲ ਲਿਆ। ਇਹ ਪੜ੍ਹ ਕੇ ਤੁਹਾਨੂੰ ਇੱਕ ਵਾਰ ਤਾਂ ਲੱਗੇਗਾ ਇਹ ਕਿਸੇ ਫ਼ਿਲਮੀ ਸੀਨ ਦੀ ਕਹਾਣੀ ਹੈ ਪਰ ਇਹ ਅਸਲ ਜ਼ਿੰਦਗੀ ਦਾ ਸੀਨ ਹੈ। ਮੁਖਤਾਰ ਅੰਸਾਰੀ ਕਿਸੇ ਤਰ੍ਹਾਂ ਇਸ ਹਮਲੇ ਤੋਂ ਬਚ ਗਏ ਪਰ ਇਸ ਹਮਲੇ ਨੇ ਪੂਰੇ ਪੂਰਵਾਂਚਲ 'ਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ। ਮੁਖਤਾਰ ਅੰਸਾਰ ਨੂੰ ਇਹ ਖ਼ਬਰ ਮਿਲੀ ਕਿ ਉਸ 'ਤੇ ਹਮਲਾ ਗੈਂਗਸਟਰ ਬ੍ਰਿਜੇਸ਼ ਸਿੰਘ ਨੇ ਭਾਜਪਾ ਆਗੂ ਕ੍ਰਿਸ਼ਨਾ ਨੰਦ ਰਾਏ ਦੇ ਕਹਿਣ 'ਤੇ ਕੀਤਾ ਹੈ। ਮੁਖਤਾਰ ਅੰਸਾਰੀ ਨੂੰ ਕ੍ਰਿਕਟ ਬਹੁਤ ਪਸੰਦ ਸੀ। ਕਸ਼ਾਨੰਦ ਰਾਏ 29 ਨਵੰਬਰ 2005 ਨੂੰ ਇੱਕ ਕ੍ਰਿਕਟ ਨਾਲ ਸਬੰਧਤ ਸਮਾਗਮ ਵਿੱਚ ਸ਼ਾਮਲ ਹੋਣ ਲਈ ਜਾ ਰਿਹਾ ਸੀ। ਮੁਖਤਾਰ ਦਾ ਸ਼ੂਟਰ ਮੁੰਨਾ ਬਜਰੰਗੀ ਵੀ ਉਸੇ ਰਸਤੇ 'ਤੇ ਖੜ੍ਹਾ ਸੀ। ਜਿਸ ਥਾਂ 'ਤੇ ਮੁਖਤਾਰ ਨੂੰ ਗੋਲੀ ਮਾਰੀ ਗਈ ਸੀ, ਉਸ ਤੋਂ ਕਰੀਬ 20 ਕਿ.ਮੀ. ਦੀ ਦੂਰੀ 'ਤੇ ਮੁੰਨਾ ਬਜਰੰਗੀ ਨੇ ਮੁਖਤਾਰ ਅੰਸਾਰੀ ਨੂੰ ਮਿਲਿਆ। ਦੱਸਿਆ ਜਾਂਦਾ ਹੈ ਕਿ ਮੁਖਤਾਰ ਦੇ ਸ਼ੂਟਰ ਮੁੰਨਾ ਬਜਰੰਗੀ ਅਤੇ ਉਸ ਦੇ ਹੋਰ ਸ਼ੂਟਰ ਨੇ ਭਾਜਪਾ ਨੇਤਾ ਕ੍ਰਿਸ਼ਨਾ ਨੰਦ ਰਾਏ 'ਤੇ ਛੇ ਏਕੇ-47 ਤੋਂ 400 ਰਾਉਂਡ ਫਾਇਰ ਕੀਤੇ। ਪੋਸਟਮਾਰਟਮ ਦੌਰਾਨ ਭਾਜਪਾ ਵਿਧਾਇਕ ਕ੍ਰਿਸ਼ਨਾਨੰਦ ਰਾਏ ਅਤੇ ਉਸ ਦੇ ਛੇ ਸਾਥੀਆਂ ਦੀਆਂ ਲਾਸ਼ਾਂ ਵਿੱਚੋਂ 67 ਗੋਲੀਆਂ ਮਿਲੀਆਂ ਹਨ।

## ਨਵਜੰਮੀ ਧੀ ਨਿਆਮਤ ਕੌਰ ਮਾਨ ਨੂੰ ਗੋਦ 'ਚ ਲੈ ਕੇ ਘਰ ਪਹੁੰਚੇ ਮੁੱਖ ਮੰਤਰੀ ਮਾਨ, ਫੁੱਲਾਂ ਤੇ ਢੋਲ ਨਾਲ ਸਵਾਗਤ



**ਚੰਡੀਗੜ੍ਹ, 29 ਮਾਰਚ (ਹਰਪਾਲ ਸਿੰਘ ਭੰਗੂ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾਕਟਰ ਗੁਰਪ੍ਰੀਤ ਕੌਰ ਨੇ ਵੀਰਵਾਰ ਨੂੰ ਮੋਹਾਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਬੱਚੀ ਨੂੰ ਜਨਮ ਦਿੱਤਾ। ਬੱਚਾ ਅਤੇ ਮਾਂ ਦੋਵੇਂ ਤੰਦਰੁਸਤ ਹਨ। ਇਸ ਦੇ ਨਾਲ ਹੀ ਹੁਣ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਦੋਵੇਂ ਸ਼ੁੱਕਰਵਾਰ ਸਵੇਰੇ ਘਰ ਪਹੁੰਚੇ। ਇਸ ਮੌਕੇ ਸੀ.ਐਮ.ਭਗਵੰਤ ਮਾਨ ਖੁਦ ਪਰਿਵਾਰ ਨੂੰ ਲੈਣ ਹਸਪਤਾਲ ਪਹੁੰਚੇ ਸਨ। ਉਨ੍ਹਾਂ ਨੇ ਨਵਜੰਮੀ ਬੱਚੀ ਨੂੰ ਆਪਣੀ ਗੋਦ ਵਿੱਚ ਫੜਿਆ ਹੋਇਆ ਸੀ। ਹਸਪਤਾਲ ਦੇ ਗੇਟ 'ਤੇ ਉਨ੍ਹਾਂ ਹਸਪਤਾਲ ਦੇ ਡਾਕਟਰਾਂ ਤੇ ਪ੍ਰਬੰਧਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਵੀਰਵਾਰ ਨੂੰ ਉਨ੍ਹਾਂ ਨੇ ਖੁਦ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਪੋਸਟ ਕੀਤੀ ਸੀ। ਇਸ ਵਿੱਚ ਲਿਖਿਆ ਸੀ ਕਿ ਵਾਹਿਗੁਰੂ ਨੇ ਉਨ੍ਹਾਂ ਦੀ ਬੇਟੀ ਨੂੰ ਅਸੀਸ ਦਿੱਤੀ ਹੈ। ਮਾਂ ਅਤੇ ਬੱਚਾ ਦੋਵੇਂ ਤੰਦਰੁਸਤ ਹਨ। ਮੋਹਾਲੀ ਦੇ ਫੇਜ਼-8 ਹਸਪਤਾਲ ਤੋਂ ਮੁੱਖ ਮੰਤਰੀ ਦੇ ਪਰਿਵਾਰ ਦਾ ਕਾਫਲਾ ਸਿੱਧਾ ਪੰਜਾਬ ਦੇ ਮੁੱਖ ਮੰਤਰੀ ਦੀ ਰਿਹਾਇਸ਼ ਚੰਡੀਗੜ੍ਹ ਲਈ ਰਵਾਨਾ ਹੋਇਆ। ਇਸ ਮੌਕੇ ਕਾਫ਼ਲੇ ਵਿੱਚ ਕਈ ਵਾਹਨ ਸ਼ਾਮਲ ਸਨ। ਸੀਐਮ ਨੇ ਇਸ ਸਮੇ ਦੌਰਾਨ ਆਪਣੀ ਧੀ ਨੂੰ ਗੋਦ ਵਿੱਚ ਫੜਿਆ ਹੋਇਆ ਸੀ। ਜਿਵੇਂ ਹੀ ਉਹ ਸੀਐਮ ਰਿਹਾਇਸ਼ 'ਤੇ ਪਹੁੰਚੇ ਤਾਂ ਸੀਐਮ ਭਗਵੰਤ ਅਤੇ ਉਨ੍ਹਾਂ ਦੀ ਪਤਨੀ ਕਾਰ ਤੋਂ ਹੇਠਾਂ ਉਤਰ ਗਏ। ਇਸ ਦੌਰਾਨ ਉਨ੍ਹਾਂ ਦਾ ਉਥੇ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਉਹ ਮੀਡੀਆ ਕਰਮੀਆਂ ਨੂੰ ਮਿਲੇ ਅਤੇ ਘਰ ਦੇ ਅੰਦਰ ਵੜ ਗਏ। ਇਸ ਤੋਂ ਬਾਅਦ ਧੀ ਅਤੇ ਪਤਨੀ ਦਾ ਫੁੱਲਾਂ ਦੀ ਵਰਖਾ ਅਤੇ ਢੋਲ ਦੀ ਥਾਪ ਨਾਲ ਸਵਾਗਤ ਕੀਤਾ ਗਿਆ। ਮੁੱਖ ਮੰਤਰੀ ਗੇਟ ਤੋਂ ਘਰ ਤੱਕ ਪੈਦਲ ਹੀ ਗਏ। ਜ਼ਿਕਰ ਕਰ ਦਈਏ ਕਿ ਮੁੱਖ ਮੰਤਰੀ ਭਗਵੰਤ ਮਾਨ ਤੀਜੀ ਵਾਰ ਪਿਤਾ ਬਣੇ ਹਨ। ਇਸ ਤੋਂ ਪਹਿਲਾਂ ਉਨ੍ਹਾਂ ਦੀ ਪਹਿਲੀ ਪਤਨੀ ਇੰਦਰਪ੍ਰੀਤ ਕੌਰ ਤੋਂ ਦੋ ਬੱਚੇ ਪੁੱਤਰ ਦਿਲਸ਼ਾਨ ਅਤੇ ਬੇਟੀ ਸੀਰਤ ਸਨ। 2015 ਵਿੱਚ ਇੰਦਰਪ੍ਰੀਤ ਕੌਰ ਨਾਲ ਤਲਾਕ ਹੋ ਗਿਆ ਜਿਸ ਤੋਂ ਬਾਅਦ ਪਤਨੀ ਬੱਚਿਆਂ ਨਾਲ ਅਮਰੀਕਾ ਚਲੀ ਗਈ। ਜਦੋਂ ਭਗਵੰਤ ਮਾਨ ਪੰਜਾਬ ਦੇ ਸੀਐਮ ਬਣੇ ਸਨ ਤਾਂ ਉਸ ਸਮੇਂ ਕਰਵਾਏ ਸਮਾਗਮ ਵਿੱਚ ਦੋਵੇਂ ਬੱਚੇ ਹਾਜ਼ਰ ਹੋਏ ਸਨ।

## ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਵੱਡੇ ਵਿਵਾਦ 'ਚ ਘਿਰੇ ਸ਼ੀਤਲ ਅੰਗੁਰਾਲ, ਤਸਵੀਰ ਹੋਈ ਵਾਇਰਲ

**ਜਲੰਧਰ, 29 ਮਾਰਚ (ਸਟਿੰਗ ਆਪ੍ਰੇਸ਼ਨ ਬਿਊਰੋ)**-ਆਮ ਆਦਮੀ ਪਾਰਟੀ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਏ ਸ਼ੀਤਲ ਅੰਗੁਰਾਲ ਦੀ ਇੰਟਰਨੈਸ਼ਨਲ ਡਰੱਗ ਰੈਕੇਟ ਮਾਮਲੇ ਵਿਚ ਜੁੜੇ ਤਸਕਰ ਮਨੀ ਨਾਲ ਤਸਵੀਰ ਸਾਹਮਣੇ ਆਈ ਹੈ। ਇਸ ਤੋਂ ਬਾਅਦ ਸ਼ੀਤਲ ਅੰਗੁਰਾਲ ਦੀਆਂ ਮੁਸ਼ਕਲਾਂ ਵੱਧ ਸਕਦੀਆਂ ਹਨ। ਇੰਟਰਨੈਸ਼ਨਲ ਪੱਧਰ ਦੀ ਡਰੱਗ ਚੇਨ ਨਾਲ ਜੁੜੇ ਯੂ.ਕੇ. ਵਿਚ ਬੈਠੇ ਨਸ਼ਾ ਤਸਕਰ ਮਨੀ ਠਾਕੁਰ ਨਾਲ ਸ਼ੀਤਲ ਦੀ ਤਸਵੀਰ ਸਾਹਮਣੇ ਆਈ ਹੈ। ਸੂਤਰਾਂ ਮੁਤਾਬਕ ਇਸ ਨੂੰ ਆਧਾਰ ਬਣਾ ਕੇ ਸਿਟੀ ਪੁਲਸ ਨੇ ਪੰਜਾਬ ਸਰਕਾਰ ਨੂੰ ਕਾਰਵਾਈ ਲਈ ਪੱਤਰ ਲਿਖਿਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਜਲਦੀ ਹੀ ਸ਼ੀਤਲ ਨੂੰ ਇਸ ਵੀ ਨਾਮਜ਼ਦ ਕੀਤਾ ਜਾ ਸਕਦਾ ਹੈ। ਦੱਸਣਯੋਗ ਹੈ ਕਿ ਮਾਰਚ ਮਹੀਨੇ ਵਿਚ ਜਲੰਧਰ ਪੁਲਸ ਵਲੋਂ ਅੰਤਰਰਾਸ਼ਟਰੀ ਡਰੱਗ ਗਿਰੋਹ ਦਾ ਪਰਦਾਫਾਸ਼ ਕੀਤਾ ਗਿਆ ਸੀ। ਜਿਸ ਦਾ ਸਰਗਨਾ ਮਨੀਸ਼ ਉਰਫ ਮਨੀ ਠਾਕੁਰ ਹੈ। ਜੋ ਕਿ ਇਸ ਸਮੇਂ ਯੂ. ਕੇ. ਵਿਚ ਬੈਠਾ ਹੈ। ਉਥੋਂ ਹੀ ਉਹ ਗੈਂਗ ਨੂੰ ਆਪਰੇਟ ਕਰ ਰਿਹਾ ਹੈ।



### ਕੀ ਕਹਿਣਾ ਹੈ ਸ਼ੀਤਲ ਅੰਗੁਰਾਲ ਦਾ

ਇਕ ਮੀਡੀਆ ਧਿਰ ਨਾਲ ਗੱਲਬਾਤ ਕਰਦੇ ਹੋਏ ਸ਼ੀਤਲ ਅੰਗੁਰਾਲ ਨੇ ਕਿਹਾ ਕਿ ਮੇਰੇ 'ਤੇ ਲੱਗੇ ਸਾਰੇ ਦੋਸ਼ ਗਲਤ ਹਨ। ਮਨੀ ਨਾਲ ਮੇਰੇ ਕੋਈ ਨਿੱਜੀ ਸੰਬੰਧ ਨਹੀਂ ਹਨ। ਉਹ ਮੈਨੂੰ ਜਾਣਦਾ ਸੀ ਅਤੇ ਉਸ ਨੇ ਮੇਰੀ 2022 ਵਿਧਾਨ ਸਭਾ ਚੋਣਾਂ ਵਿਚ ਮਦਦ ਕੀਤੀ ਸੀ। ਜਿਸ ਤੋਂ ਬਾਅਦ ਉਹ ਵਿਦੇਸ਼ ਚਲਾ ਗਿਆ। ਵਿਦੇਸ਼ ਵਿਚ ਉਹ ਕੀ ਕਰ ਰਿਹਾ ਹੈ, ਇਸ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ ਹੈ। ਉਸ ਨੇ ਸਿਰਫ ਮੇਰੀ ਹੀ ਮਦਦ ਨਹੀਂ ਕੀਤੀ ਸਗੋਂ ਕਈ ਹੋਰ ਆਗੂਆਂ ਦੀ ਮਦਦ ਕੀਤੀ ਹੈ। ਜਲਦ ਹੀ ਮੈਂ ਇਸ ਬਾਰੇ ਖੁਲਾਸਾ ਕਰਾਂਗਾ।



ਸਟਿੰਗ ਆਪ੍ਰੇਸ਼ਨ
www.stingoperation.us



Publisher/Chief Editor
**Sudesh Kumar Bagga**
Sting Operation (News Paper)
stingnews24@gmail.com
www.stingoperation.us
Mob. : 90416-59160

**Head Office :**
#125, Nakodar Road
Malko (Jalandhar) 144026 Pb. (India)
Mob. : 90416-59160, 94177-17088

# ਪੇਸ਼ੇਵਰ ਦਾਖਲਾ ਪ੍ਰੀਖਿਆ ਦੀ ਤਿਆਰੀ ਕਿਵੇਂ ਕਰੀਏ ?



**ਵਿਜੈ ਗਰਗ**
ਸਾਬਕਾ ਪ੍ਰਿੰਸੀਪਲ, ਮਲੋਟ
Mob. 94656-82110



ਭਾਰਤ ਵਿੱਚ ਪੇਸ਼ੇਵਰ ਕੋਰਸਾਂ ਵਿੱਚ ਸੀਟਾਂ ਦੀ ਲੜਾਈ ਬਹੁਤ ਹੀ ਪ੍ਰਤੀਯੋਗੀ ਰਹੀ ਹੈ, ਜਿਸ ਵਿੱਚ ਪ੍ਰਵੇਸ਼ ਪ੍ਰੀਖਿਆਵਾਂ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਹਾਲਾਂਕਿ, ਵਧਦੀ ਮੁਕਾਬਲੇਬਾਜ਼ੀ ਅਤੇ ਸੀਮਤ ਸੀਟਾਂ ਦੇ ਨਾਲ, ਇਹ ਪ੍ਰੀਖਿਆਵਾਂ ਬਹੁਤ ਸਾਰੇ ਵਿਦਿਆਰਥੀਆਂ ਲਈ ਤਣਾਅ, ਚਿੰਤਾ ਅਤੇ ਨਿਰਾਸ਼ਾ ਦਾ ਕਾਰਨ ਬਣ ਗਈਆਂ ਹਨ। ਸੰਖਿਆਵਾਂ ਦਰਸਾਉਂਦੀਆਂ ਹਨ ਕਿ ਭਾਰਤ ਵਿੱਚ ਪੇਸ਼ੇਵਰ ਕੋਰਸਾਂ ਲਈ ਦਾਖਲਾ ਪ੍ਰੀਖਿਆਵਾਂ ਬਹੁਤ ਮੁਕਾਬਲੇ ਵਾਲੀਆਂ ਹੁੰਦੀਆਂ ਹਨ, ਲੱਖਾਂ ਵਿਦਿਆਰਥੀ ਸੀਮਤ ਗਿਣਤੀ ਵਿੱਚ ਸੀਟਾਂ ਲਈ ਮੁਕਾਬਲਾ ਕਰਦੇ ਹਨ। ਸਫਲ ਹੋਣ ਲਈ, ਵਿਦਿਆਰਥੀਆਂ ਨੂੰ ਆਪਣੇ ਵਿਸ਼ਿਆਂ ਵਿੱਚ ਮਜ਼ਬੂਤ ??ਨੀਂਹ ਰੱਖਣੀ ਚਾਹੀਦੀ ਹੈ, ਪ੍ਰੀਖਿਆ ਲਈ ਚੰਗੀ ਤਰ੍ਹਾਂ ਤਿਆਰ ਹੋਣਾ ਚਾਹੀਦਾ ਹੈ, ਅਤੇ ਸਮਾਂ ਪ੍ਰਬੰਧਨ ਅਤੇ ਪ੍ਰੀਖਿਆ ਦੇਣ ਲਈ ਇੱਕ ਚੰਗੀ ਰਣਨੀਤੀ ਹੋਣੀ ਚਾਹੀਦੀ ਹੈ। ਸੰਯੁਕਤ ਪ੍ਰਵੇਸ਼ ਪ੍ਰੀਖਿਆ , ਰਾਸ਼ਟਰੀ ਯੋਗਤਾ ਕਮ ਦਾਖਲਾ ਪ੍ਰੀਖਿਆ . ਕਾਮਨ ਐਡਮਿਸ਼ਨ ਟੈਸਟ ਅਤੇ ਇੰਜੀਨੀਅਰਿੰਗ ਵਿੱਚ ਗ੍ਰੈਜੂਏਟ ਐਪਟੀਟਿਊਡ ਟੈਸਟ ਵੱਖ-ਵੱਖ ਖੇਤਰਾਂ ਵਿੱਚ ਅੰਡਰਗ੍ਰੈਜੂਏਟ, ਪੋਸਟ ਗ੍ਰੈਜੂਏਟ ਅਤੇ ਡਾਕਟਰੀ ਕੋਰਸਾਂ ਵਿੱਚ ਦਾਖਲੇ ਲਈ ਕੁਝ ਪ੍ਰਸਿੱਧ ਦਾਖਲਾ ਪ੍ਰੀਖਿਆਵਾਂ ਹਨ। ਇਹ ਪ੍ਰੀਖਿਆਵਾਂ ਵਿਦਿਆਰਥੀਆਂ ਦੇ ਅਕਾਦਮਿਕ ਹੁਨਰ ਦੀ ਪਰਖ ਕਰਦੀਆਂ ਹਨ ਅਤੇ ਦਬਾਅ ਅਤੇ ਸਮਾਂ ਪ੍ਰਬੰਧਨ ਦੇ ਹੁਨਰ ਨੂੰ ਸੰਭਾਲਣ ਦੀ ਉਹਨਾਂ ਦੀ ਯੋਗਤਾ ਦਾ ਮੁਲਾਂਕਣ ਕਰਦੀਆਂ ਹਨ। ਇਹਨਾਂ ਦਾਖਲਾ ਪ੍ਰੀਖਿਆਵਾਂ ਦੀ ਪ੍ਰਤੀਯੋਗਤਾ ਦਾ ਮੁੱਖ ਕਾਰਨ ਉੱਚ-ਪੱਧਰੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਉਪਲਬਧ ਸੀਟਾਂ ਦੀ ਸੀਮਤ ਗਿਣਤੀ ਹੈ। ਇਹਨਾਂ ਸੰਸਥਾਵਾਂ ਵਿੱਚ ਦਾਖਲਾ ਸੁਰੱਖਿਅਤ ਕਰਨ ਵਿੱਚ ਅਸਮਰੱਥ ਵਿਦਿਆਰਥੀਆਂ ਕੋਲ ਸੀਮਤ ਵਿਕਲਪ ਹਨ, ਜੋ ਉਹਨਾਂ ਦੇ ਭਵਿੱਖ ਦੇ ਕੈਰੀਅਰ ਦੀਆਂ ਸੰਭਾਵਨਾਵਾਂ ਲਈ ਇੱਕ ਮਹੱਤਵਪੂਰਨ ਝਟਕਾ ਹੋ ਸਕਦਾ ਹੈ। ਦੇਸ਼ ਦੇ ਕਈ ਹਿੱਸਿਆਂ ਵਿੱਚ ਮਿਆਰੀ ਸਿੱਖਿਆ ਅਤੇ ਮੌਕਿਆਂ ਦੀ ਘਾਟ ਮੁਕਾਬਲੇਬਾਜ਼ੀ ਨੂੰ ਵਧਾਉਂਦੀ ਹੈ। ਨਤੀਜੇ ਵਜੋਂ, ਘੱਟ ਵਿਸ਼ੇਸ਼ ਅਧਿਕਾਰ ਪ੍ਰਾਪਤ ਪਿਛੋਕੜ ਵਾਲੇ ਵਿਦਿਆਰਥੀਆਂ ਨੂੰ ਆਪਣੇ ਵਧੇਰੇ ਵਿਸ਼ੇਸ਼ ਅਧਿਕਾਰ ਪ੍ਰਾਪਤ ਹਮਰੁਤਬਾ ਨਾਲ ਮੁਕਾਬਲਾ ਕਰਨ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਸੁਝਾਅ ਅਤੇ ਰਣਨੀਤੀਆਂ ਸਮਾਂ ਪ੍ਰਬੰਧਨ: ਸਫਲਤਾ ਲਈ ਇਹ ਮਹੱਤਵਪੂਰਨ ਹੈ। ਵਿਦਿਆਰਥੀਆਂ ਨੂੰ ਪੜ੍ਹਾਈ ਦਾ ਸਮਾਂ-ਸਾਰਣੀ ਬਣਾਉਣਾ ਚਾਹੀਦਾ ਹੈ ਅਤੇ ਇਸ 'ਤੇ ਕਾਇਮ ਰਹਿਣਾ ਚਾਹੀਦਾ ਹੈ। ਹਰੇਕ ਵਿਸ਼ੇ ਅਤੇ ਵਿਸ਼ੇ ਲਈ ਸਮਾਂ ਨਿਰਧਾਰਤ ਕਰੋ ਅਤੇ ਉਸ ਅਨੁਸਾਰ ਅਧਿਐਨ ਕਰੋ। ਸਵੈ-ਅਨੁਸ਼ਾਸਨ: ਇਹਨਾਂ ਪ੍ਰੀਖਿਆਵਾਂ ਲਈ ਅਨੁਸ਼ਾਸਨ ਅਤੇ ਸਮਰਪਣ ਦੀ ਲੋੜ ਹੁੰਦੀ ਹੈ। ਯਥਾਰਥਵਾਦੀ ਟੀਚੇ ਨਿਰਧਾਰਤ ਕਰੋ ਅਤੇ ਉਹਨਾਂ ਨੂੰ ਪ੍ਰਾਪਤ ਕਰਨ ਲਈ ਕੰਮ ਕਰੋ। ਭਟਕਣਾ ਤੋਂ ਬਚੋ ਅਤੇ ਆਪਣੀ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰੋ। ਨਿਯਮਤ ਅਭਿਆਸ: ਇਹਨਾਂ ਪ੍ਰੀਖਿਆਵਾਂ ਵਿੱਚ ਸਫਲਤਾ ਲਈ ਇਹ ਜ਼ਰੂਰੀ ਹੈ। ਵੱਧ ਤੋਂ ਵੱਧ ਅਭਿਆਸ ਪ੍ਰਸ਼ਨ ਅਤੇ ਪਿਛਲੇ ਸਾਲ ਦੇ ਪੇਪਰ ਹੱਲ ਕਰੋ। ਇਹ ਤੁਹਾਨੂੰ ਇਮਤਿਹਾਨ ਦੇ ਪੈਟਰਨ ਨੂੰ ਸਮਝਣ ਅਤੇ ਤੁਹਾਡੀ ਸਮੱਸਿਆ ਹੱਲ ਕਰਨ ਦੇ ਹੁਨਰ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰੇਗਾ। ਸਲਾਹਕਾਰਾਂ ਤੋਂ ਮਾਰਗਦਰਸ਼ਨ ਦੀ ਮੰਗ ਕਰਨਾ: ਸਲਾਹਕਾਰ ਵਿਦਿਆਰਥੀਆਂ ਨੂੰ ਮਾਰਗਦਰਸ਼ਨ ਅਤੇ ਸਲਾਹ ਪ੍ਰਦਾਨ ਕਰ ਸਕਦੇ ਹਨ। ਵਿਦਿਆਰਥੀਆਂ ਨੂੰ ਆਪਣੇ ਅਧਿਆਪਕਾਂ, ਕੋਚਿੰਗ ਸੈਂਟਰਾਂ ਜਾਂ ਔਨਲਾਈਨ ਟਿਊਟਰਾਂ ਦੀ ਮਦਦ ਲੈਣੀ ਚਾਹੀਦੀ ਹੈ ਜੇਕਰ ਉਨ੍ਹਾਂ ਨੂੰ ਆਪਣੀ ਪੜ੍ਹਾਈ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਔਨਲਾਈਨ ਅਧਿਐਨ ਸਮੱਗਰੀ: ਇਹ ਆਸਾਨੀ ਨਾਲ ਪਹੁੰਚਯੋਗ ਹਨ ਅਤੇ ਵਿਦਿਆਰਥੀਆਂ ਲਈ ਇੱਕ ਵਧੀਆ ਸਰੋਤ ਹੋ ਸਕਦੇ ਹਨ। ਉਹ ਸੰਸ਼ੋਧਨ ਅਤੇ ਅਭਿਆਸ ਪ੍ਰਸ਼ਨਾਂ ਲਈ ਔਨਲਾਈਨ ਅਧਿਐਨ ਸਮੱਗਰੀ ਦਾ ਹਵਾਲਾ ਦੇ ਸਕਦੇ ਹਨ, ਗੁੰਝਲਦਾਰ ਸੰਕਲਪਾਂ ਨੂੰ ਸਮਝਣ ਲਈ ਔਨਲਾਈਨ ਵੀਡੀਓ ਅਤੇ ਲੈਕਚਰ ਦੇਖ ਸਕਦੇ ਹਨ। ਕੋਚਿੰਗ ਕੇਂਦਰ: ਕੋਚਿੰਗ ਕੇਂਦਰ ਇੱਕ ਢਾਂਚਾਗਤ ਸਿੱਖਣ ਦਾ ਮਾਹੌਲ ਪ੍ਰਦਾਨ ਕਰ ਸਕਦੇ ਹਨ ਅਤੇ ਵਿਦਿਆਰਥੀਆਂ ਨੂੰ ਇਮਤਿਹਾਨਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਤਿਆਰੀ ਕਰਨ ਵਿੱਚ ਮਦਦ ਕਰ ਸਕਦੇ ਹਨ। ਉਹ ਵਿਦਿਆਰਥੀਆਂ ਨੂੰ ਇਮਤਿਹਾਨਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਿੱਚ ਮਦਦ ਕਰਨ ਲਈ ਮਾਰਗਦਰਸ਼ਨ, ਅਧਿਐਨ ਸਮੱਗਰੀ ਅਤੇ ਨਕਲੀ ਟੈਸਟ ਪ੍ਰਦਾਨ ਕਰ ਸਕਦੇ ਹਨ। ਮੌਕ ਟੈਸਟ: ਇਮਤਿਹਾਨ ਦੀ ਤਿਆਰੀ ਲਈ ਮੌਕ ਟੈਸਟ ਇੱਕ ਜ਼ਰੂਰੀ ਸਾਧਨ ਹਨ। ਵਿਦਿਆਰਥੀਆਂ ਨੂੰ ਆਪਣੀ ਤਿਆਰੀ ਦੇ ਪੱਧਰ ਦਾ ਮੁਲਾਂਕਣ ਕਰਨ ਅਤੇ ਸੁਧਾਰ ਦੇ ਖੇਤਰਾਂ ਦੀ ਪਛਾਣ ਕਰਨ ਲਈ ਨਿਯਮਿਤ ਤੌਰ 'ਤੇ ਮੌਕ ਟੈਸਟ ਲੈਣੇ ਚਾਹੀਦੇ ਹਨ। ਉਨ੍ਹਾਂ ਨੂੰ ਆਪਣੀ ਕਾਰਗੁਜ਼ਾਰੀ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ ਅਤੇ ਆਪਣੀਆਂ ਕਮਜ਼ੋਰੀਆਂ ਨੂੰ ਸੁਧਾਰਨ ਲਈ ਕੰਮ ਕਰਨਾ ਚਾਹੀਦਾ ਹੈ। ਤਣਾਅ ਅਤੇ ਚਿੰਤਾ: ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਵਿਦਿਆਰਥੀਆਂ ਵਿੱਚ ਉੱਚ ਤਣਾਅ ਅਤੇ ਚਿੰਤਾ ਦਾ ਕਾਰਨ ਬਣ ਸਕਦੀ ਹੈ। ਇਹ ਉਹਨਾਂ ਦੇ ਪ੍ਰਦਰਸ਼ਨ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਬਰਨਆਉਟ ਦਾ ਕਾਰਨ ਬਣ ਸਕਦਾ ਹੈ। ਵਿਦਿਆਰਥੀਆਂ ਨੂੰ ਨਿਯਮਤ ਤੌਰ 'ਤੇ ਬ੍ਰੇਕ ਲੈਣਾ ਚਾਹੀਦਾ ਹੈ, ਧਿਆਨ ਰੱਖਣ ਦਾ ਅਭਿਆਸ ਕਰਨਾ ਚਾਹੀਦਾ ਹੈ ਅਤੇ ਯੋਗਾ ਜਾਂ ਧਿਆਨ ਵਰਗੀਆਂ ਸਰੀਰਕ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਪ੍ਰੇਰਣਾ ਦੀ ਘਾਟ: ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਲਈ ਸਖ਼ਤ ਮਿਹਨਤ ਅਤੇ ਲਗਨ ਦੀ ਲੋੜ ਹੁੰਦੀ ਹੈਕਈ ਵਾਰ ਪ੍ਰੇਰਣਾ ਦੀ ਘਾਟ. ਪ੍ਰਾਪਤੀ ਯੋਗ ਟੀਚੇ ਨਿਰਧਾਰਤ ਕਰੋ, ਛੋਟੀਆਂ ਸਫਲਤਾਵਾਂ ਲਈ ਆਪਣੇ ਆਪ ਨੂੰ ਇਨਾਮ ਦਿਓ, ਅਤੇ ਆਪਣੇ ਆਪ ਨੂੰ ਲੰਬੇ ਸਮੇਂ ਦੇ ਟੀਚਿਆਂ ਦੀ ਯਾਦ ਦਿਵਾਓ। ਸਿਹਤ ਸੰਬੰਧੀ ਸਮੱਸਿਆਵਾਂ: ਲੰਬੇ ਸਮੇਂ ਤੱਕ ਬੈਠਣ ਅਤੇ ਅਧਿਐਨ ਕਰਨ ਨਾਲ ਕਈ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ, ਜਿਵੇਂ ਕਿ ਪਿੱਠ ਦਰਦ, ਅੱਖਾਂ ਵਿੱਚ ਤਣਾਅ ਅਤੇ ਇਨਸੌਮਨੀਆ। ਵਿਦਿਆਰਥੀਆਂ ਨੂੰ ਸੰਤੁਲਿਤ ਖੁਰਾਕ ਖਾਣ, ਨਿਯਮਿਤ ਤੌਰ 'ਤੇ ਕਸਰਤ ਕਰਨ ਅਤੇ ਅਕਸਰ ਬ੍ਰੇਕ ਲੈ ਕੇ ਇੱਕ ਸਿਹਤਮੰਦ ਜੀਵਨ ਸ਼ੈਲੀ ਬਣਾਈ ਰੱਖਣੀ ਚਾਹੀਦੀ ਹੈ। 'ਨੈਸ਼ਨਲ ਟੈਸਟ ਅਭਿਆਸ' ਇੱਕ ਮੋਬਾਈਲ ਐਪਲੀਕੇਸ਼ਨ ਹੈ ਜੋ ਸਿੱਖਿਆ ਮੰਤਰਾਲੇ ਦੁਆਰਾ ਜੇਈਈ ਮੇਨ, ਨੀਟ ਯੂ ਜੀ ਅਤੇ ਹੋਰ ਇੰਜੀਨੀਅਰਿੰਗ ਅਤੇ ਮੈਡੀਕਲ ਦਾਖਲਾ ਪ੍ਰੀਖਿਆਵਾਂ ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਲਈ ਮੁਫਤ ਔਨਲਾਈਨ ਅਭਿਆਸ ਟੈਸਟ ਪ੍ਰਦਾਨ ਕਰਨ ਲਈ ਸ਼ੁਰੂ ਕੀਤੀ ਗਈ ਹੈ। ਵਿਦਿਆਰਥੀ ਇਸ ਦੀ ਵਰਤੋਂ ਕਰ ਸਕਦੇ ਹਨ। ••

## ਮਿੰਨੀ ਕਹਾਣੀ

# ਲਿਫਾਫਾ

ਸ਼ਾਮ ਦੇ ਛੇ ਕੁ ਵੱਜੇ ਸਨ। ਅਚਾਨਕ ਮਾਸਟਰ ਪਿਆਰਾ ਸਿੰਘ ਦੇ ਘਰ ਦਾ ਗੇਟ ਕਿਸੇ ਨੇ ਆ ਖੜਕਾਇਆ। ਉਸ ਨੇ ਗੇਟ ਕੋਲ ਜਾ ਕੇ ਵੇਖਿਆ, ਉਸ ਦੇ ਪਿੰਡ ਦਾ ਖੜਕ ਸਿੰਘ ਗੇਟ ਖੜਕਾ ਰਿਹਾ ਸੀ। ਉਸ ਨੂੰ ਵੇਖ ਕੇ ਉਹ ਬੋਲਿਆ," ਮਾਸਟਰ ਜੀ, ਮੈਂ ਤੁਹਾਡੇ ਕੋਲ ਇੱਕ ਕੰਮ ਆਇਆਂ।"

"ਪਹਿਲਾਂ ਅੰਦਰ ਆ ਕੇ ਬੈਠ ਜਾਉ। ਫੇਰ ਵੇਖਦੇ ਆਂ।" ਮਾਸਟਰ ਪਿਆਰਾ ਸਿੰਘ ਨੇ ਉਸ ਨੂੰ ਆਖਿਆ।

ਖੜਕ ਸਿੰਘ ਅੰਦਰ ਆ ਕੇ ਕੁਰਸੀ ਤੇ ਬੈਠ ਗਿਆ। ਉਸ ਨੇ ਆਪਣੀ ਜੇਬ ਵਿੱਚੋਂ ਇੱਕ ਲਿਫਾਫਾ ਕੱਢਦੇ ਹੋਏ ਮਾਸਟਰ ਪਿਆਰਾ ਸਿੰਘ ਨੂੰ ਆਖਿਆ," ਮਾਸਟਰ ਜੀ, ਮੇਰੇ ਮੁੰਡੇ ਦੀ ਆਹ ਚਿੱਠੀ ਕਨੇਡਾ ਤੋਂ ਆਈ ਆ। ਅੱਗੇ ਮੈਂ ਉਸ ਦੀਆਂ ਚਿੱਠੀਆਂ ਆਪਣੇ ਗੁਆਂਢੀ ਮਾਸਟਰ ਲੇਖ ਰਾਜ ਤੋਂ ਪੜ੍ਹਵਾ ਲੈਂਦਾ ਸਾਂ। ਪਰ ਆਹ ਚਿੱਠੀ ਮੈਂ ਤੁਹਾਡੇ ਕੋਲ ਲੈ ਕੇ ਆਇਆਂ। ਵੇਖੋ ਤਾਂ ਇਸ ਵਿੱਚ ਕੀ ਆ ?"

ਮਾਸਟਰ ਪਿਆਰਾ ਸਿੰਘ ਨੇ ਲਿਫਾਫੇ ਨੂੰ ਬੜੇ ਧਿਆਨ ਨਾਲ ਖੋਲ੍ਹਿਆ। ਉਸ ਵਿੱਚੋਂ ਤਿੰਨ, ਚਾਰ ਫੋਟੋ ਅਤੇ ਇੱਕ ਲਿਖਿਆ ਹੋਇਆ ਕਾਗਜ਼ ਨਿਕਲਿਆ। ਉਸ ਦੇ ਮੁੰਡੇ ਨੇ ਕੁੱਝ ਦਿਨ ਪਹਿਲਾਂ ਕਨੇਡਾ ਵਿੱਚ ਆਪਣੇ ਘਰ ਵਿੱਚ ਅਖੰਡ ਪਾਠ ਸਾਹਿਬ ਕਰਵਾਇਆ ਸੀ। ਇਹ ਫੋਟੋ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਵੇਲੇ ਦੇ ਸਨ। ਫੋਟੋਆਂ ਨੂੰ ਵੇਖ ਕੇ ਉਹ ਅੱਗ ਬਬੂਲਾ ਹੋ ਗਿਆ। ਉਹ ਮਾਸਟਰ ਪਿਆਰਾ ਸਿੰਘ ਦੇ ਹੱਥਾਂ ਵਿੱਚੋਂ ਫੋਟੋ ਤੇ ਲਿਖਿਆ ਹੋਇਆ ਕਾਗਜ਼ ਲੈਂਦਾ ਹੋਇਆ ਬੋਲਿਆ," ਮੇਰਾ ਮੁੰਡਾ ਤਾਂ ਪਹਿਲਾਂ ਤੋਂ ਮੂਰਖ ਆ। ਭਲਾ ਇਹ ਫੋਟੋ ਮੈਨੂੰ ਭੇਜਣ ਦੀ ਕੀ ਲੋੜ ਸੀ ? ਮੈਂ ਤਾਂ ਸੋਚਿਆ ਸੀ ਕਿ ਲਿਫਾਫੇ ਚੋਂ ਕੋਈ ਚੈੱਕ ਬਗੈਰਾ ਨਿਕਲੂ। ਤਾਂ ਹੀ ਮੈਂ ਐਡੀ ਦੂਰ ਨੂੰ ਤੁਹਾਡੇ ਕੋਲ ਲਿਫਾਫਾ ਲੈ ਕੇ ਆਇਆ ਸੀ।"

ਇਹ ਕਹਿ ਕੇ ਉਹ ਛੇਤੀ ਨਾਲ ਮਾਸਟਰ ਪਿਆਰਾ ਸਿੰਘ ਦੇ ਘਰ ਦੇ ਗੇਟ ਤੋਂ ਬਾਹਰ ਨਿਕਲ ਗਿਆ।



**-ਮਹਿੰਦਰ ਸਿੰਘ ਮਾਨ, ਕੈਨਾਲ ਰੋਡ ਸਾਮ੍ਹਣੇ ਅੰਗਦ ਸਿੰਘ ਐੱਮ ਐੱਲ ਏ ਹਾਊਸ ਨਵਾਂ ਸ਼ਹਿਰ, ਫੋਨ 9915803554**

# ਖਿਆਲ ਆਇਆ.....

ਰਾਤੀ ਸੁਪਨੇ ਚ ਇਕ ਖਿਆਲ ਆਇਆ
ਸਹੁੰ ਤੇਰੀ,ਖਿਆਲ ਵੀ ਤੇਰੇ ਨਾਲ ਆਇਆ
ਜੁੜ ਬੈਠੇ ਸਾਂ ਆਪਾਂ ਦੋਵੇਂ ਜਦੋਂ ਪਹਿਲੀ ਦਫਾ.
ਉਸ ਦਫਾ. ਕੀਤਾ ਤੇਰਾ ਸਵਾਲ ਯਾਦ ਆਇਆ
ਆਖਦੀ ਸੀ ਮਾਪਿਆ ਨਹੀਂ ਮੰਨਣਾ ਮੇਰਿਆਂ
ਇਹੀ ਸਵਾਲ ਦਾ ਮੁੜ ਸੀ ਖਿਆਲ ਆਇਆ
ਸਿਰਜੇ ਸੀ ਜੋ ਸੁਪਨੇ ਆਪਾਂ ਕੱਠਿਆਂ ਬਹਿ ਕੇ
ਉਹ ਬਿਖਰ ਜਾਣ ਦਾ ਫੇਰ ਖਿਆਲ ਆਇਆ
ਕੀਤੇ ਸਨ ਜੋ ਵਾਅਦੇ ਆਖਰੀ ਸਾਹਾਂ ਤੱਕ ਦੇ
ਉਹ ਵਾਅਦੇ ਟੁੱਟਣ ਦਾ ਖਿਆਲ ਆਇਆ
ਸਾਂਭ ਰੱਖੀਆਂ ਜੋ ਤੇਰੀਆਂ ਗਿਫ਼ਟ ਨਿਸ਼ਾਨੀਆ
ਉਨਾ ਗਿਫਟਾਂ ਦੇ ਖੁਸੱਣ ਦਾ ਮਲਾਲ ਆਇਆ
ਬੇਵਫਾਈ ਵਾਲੇ ਤਾਅਨੇ ਸੁਣ ਅੱਕਿਆ ਖੰਨਾ
ਤਾਂ ਹੀ ਖਿਆਲ ਤੋਂ ਦੂਰੀ ਦਾ ਖਿਆਲ ਆਇਆ



**-ਅਜੀਤ ਖੰਨਾ, ਮੋਬ:85448-54669**

## ਬਾਲ ਕਹਾਣੀ - ਲਾਲਚੀ ਰਾਜਾ



ਇੱਕ ਵਾਰ ਦੀ ਗੱਲ ਹੈ। ਇੱਕ ਮਹਿਲ ਵਿੱਚ ਰਾਣੀ ਰਹਿੰਦੀ ਸੀ। ਰਾਣੀ ਦਾ ਵਿਆਹ ਇੱਕ ਰਾਜੇ ਨਾਲ ਹੋ ਗਿਆ। ਰਾਣੀ ਬਹੁਤ ਦਿਆਲੂ ਸੀ। ਰਾਜਾ ਬਹੁਤ ਲਾਲਚੀ ਸੀ। ਰਾਣੀ ਬਹੁਤ ਅਮੀਰ ਸੀ। ਇਸੇ ਕਰਕੇ ਰਾਜੇ ਨੇ ਉਸ ਨਾਲ ਵਿਆਹ ਕਰਵਾਇਆ ਸੀ। ਰਾਣੀ ਬਹੁਤ ਚੰਗੀ ਸੀ। ਰਾਜੇ ਨੂੰ ਚੋਰੀ ਕਰਨ ਦੀ ਆਦਤ ਸੀ। ਇੱਕ ਦਿਨ ਰਾਣੀ ਆਪਣੇ ਪੈਸੇ ਗਿਣ ਰਹੀ ਸੀ। ਰਾਜੇ ਨੇ ਦੇਖ ਲਿਆ। ਉਸਨੇ ਸੋਚਿਆ ਕਿ ਰਾਤ ਨੂੰ ਚੋਰੀ ਕਰ ਲਵਾਂਗਾ। ਰਾਤ ਹੋ ਗਈ। ਰਾਜਾ ਜਿਵੇਂ ਹੀ ਪੈਸੇ ਚੋਰੀ ਕਰਨ ਲੱਗਾ ਤਾਂ ਰਾਣੀ ਨੇ ਦੇਖ ਲਿਆ। ਰਾਣੀ ਨੇ ਰਾਜੇ ਤੋਂ ਪੁੱਛਿਆ ਕਿ ਤੂੰ ਪੈਸੇ ਕਿਉਂ ਚੋਰੀ ਕੀਤੇ ? ਰਾਜੇ ਨੇ ਕਿਹਾ ਕਿ ਮੈਨੂੰ ਮੁਆਫ਼ ਕਰ ਦਿਓ। ਹੁਣ ਰਾਜੇ ਨੇ ਕਦੇ ਵੀ ਚੋਰੀ ਨਾ ਕਰਨ ਦੀ ਸੋਚ ਲਈ। ਰਾਣੀ ਨੇ ਰਾਜੇ ਨੂੰ ਮਾਫ਼ ਕਰ ਦਿੱਤਾ। ਸਿੱਖਿਆ : ਸਾਨੂੰ ਕਦੇ ਵੀ ਲਾਲਚ ਅਤੇ ਚੋਰੀ ਨਹੀਂ ਕਰਨੀ ਚਾਹੀਦੀ।

**-ਜਸਪ੍ਰੀਤ ਕੌਰ , ਜਮਾਤ - ਪੰਜਵੀਂ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸਿੱਖਿਆ ਬਲਾਕ - ਸ੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ - ਰੂਪਨਗਰ ( ਪੰਜਾਬ ) ਗਾਈਡ ਅਧਿਆਪਕ ਮਾਸਟਰ ਸੰਜੀਵ ਧਰਮਾਣੀ 9478561356**

# ਵੋਟ ਪਾਉਣ ਤੋਂ ਪਹਿਲਾਂ

ਕੈਲੀਫੋਰਨੀਆ ਬਣ ਗਿਆ ਕਹਿੰਦੇ ਪੰਜਾਬ ਕੁੜੇ,
ਪਾਣੀ ਵਾਲੀਆਂ ਬੱਸਾਂ ਦੇ 'ਚ ਵੜ੍ਹਦੇ ਜਾਣ ਬੁੜੇ।
ਬੋਤਲ ਦੇ ਨਾਲ ਮੁਰਗਾ ਕਿਧਰੇ ਫਿਰ ਨਾ ਨੋਚ ਲਿਓ।
ਵੋਟ ਪਾਉਣ ਤੋਂ ਪਹਿਲਾਂ ਥੋੜ੍ਹਾ ਬਹੁਤਾ ਸੋਚ ਲਿਓ।

ਰੁਜ਼ਗਾਰ ਮੇਲੇ ਤਾਂ ਲੱਗੇ ਨਾ ਪਰ ਨੌਕਰੀ ਲੱਗੀ ਏ,
ਬਾਹਰ ਜਾਣਾ ਸੀ ਵੱਜ ਗਈ ਓਥੇ ਵੀ ਠੱਗੀ ਏ।
ਕਾਹਲੀ ਅੱਗੇ ਟੋਏ ਸਦਾ, ਪੱਬ ਹੌਲ਼ੀ ਬੋਚ ਲਿਓ,
ਵੋਟ ਪਾਉਣ ਤੋਂ ਪਹਿਲਾਂ ਥੋੜ੍ਹਾ ਬਹੁਤਾ ਸੋਚ ਲਿਓ।

ਆਮ ਘਰਾਂ ਦੇ ਕਾਕੇ ਉੱਚੀ ਥਾਂ 'ਤੇ ਬਹਿ ਗਏ ਨੇ,
ਨਸ਼ੇ ਦੇ ਸੌਦਾਗਰ ਜੋ, ਓ ਕਿੱਥੇ ਰਹਿ ਗਏ ਨੇ।
ਲਿਬੜੀ ਹੋਈ ਫੱਟੀ ਨੂੰ ਹੁਣ ਹੱਥੀਂ ਪੋਚ ਲਿਓ,
ਵੋਟ ਪਾਉਣ ਤੋਂ ਪਹਿਲਾਂ ਥੋੜ੍ਹਾ ਬਹੁਤਾ ਸੋਚ ਲਿਓ।

ਵਾਰ ਵਾਰ ਨਾ ਆਉਣੇ ਮੌਕੇ, ਹੁਣ ਗਵਾਇਓ ਨਾ,
ਪਹਿਲਾਂ ਵਾਂਗੂ ਦਾਰੂ ਪੈਸੇ ਫਿਰ ਕਮਾਇਓ ਨਾ।
ਹਵਾ ਦੇ 'ਚ ਹੁੰਦੀਆਂ ਗੱਲਾਂ, ਆਪੇ ਬੋਚ ਲਿਓ,
ਵੋਟ ਪਾਉਣ ਤੋਂ ਪਹਿਲਾਂ ਥੋੜ੍ਹਾ ਬਹੁਤਾ ਸੋਚ ਲਿਓ।

ਸਿੱਧੂ, ਸੰਦੀਪ ਦੇ ਕਾਤਲ ਹਾਲੇ ਫੜਨੋ ਰਹਿੰਦੇ ਨੇ,
ਕੱਚੇ ਕਾਮੇ ਧਰਨੇ 'ਤੇ ਆ ਨਿੱਤ ਹੀ ਬਹਿੰਦੇ ਨੇ।
ਭੱਜਣ ਦੇਣੇ ਨਾ ਲੀਡਰ ਹੁਣ ਸਾਰੇ ਦਬੋਚ ਲਿਓ,
ਵੋਟ ਪਾਉਣ ਤੋਂ ਪਹਿਲਾਂ ਥੋੜ੍ਹਾ ਬਹੁਤਾ ਸੋਚ ਲਿਓ।

ਕਰਜ਼ਾ ਲੈ ਕੇ ਦੱਸਣ ਤਰੱਕੀ ਲੀਡਰ ਸਾਰੇ ਨੇ,
ਲੱਕ ਪੰਜਾਬ ਦਾ ਤੋੜੂ ਮਿੱਤਰਾ ਪੰਡ ਜੋ ਭਾਰੇ ਨੇ।
ਆਪੋ ਆਪਣਾ ਸਿਰ ਇੱਕ ਵਾਰ ਖਰੋਚ ਲਿਓ,
ਵੋਟ ਪਾਉਣ ਤੋਂ ਪਹਿਲਾਂ ਥੋੜ੍ਹਾ ਬਹੁਤਾ ਸੋਚ ਲਿਓ।

ਨਸ਼ਿਆਂ ਦੀ ਗੱਲ ਕਰਦੇ ਸੀ ਸ਼ਰੇਆਮ ਹੀ ਵਿਕਦਾ ਏ,
ਵੱਢੀ ਲੈਣ ਵਾਲਿਆਂ ਨੂੰ ਪਰ ਕਿਤੇ ਨਾ ਦਿਸਦਾ ਏ।
ਪੈਸੇ ਦੇ ਕੇ ਕਹਿੰਦੇ ਪਾ ਸਾਡੀ ਅਪਰੋਚ ਲਿਓ,
ਵੋਟ ਪਾਉਣ ਤੋਂ ਪਹਿਲਾਂ ਥੋੜ੍ਹਾ ਬਹੁਤਾ ਸੋਚ ਲਿਓ।

ਬਦਲਾਅ ਇਨ੍ਹਾਂ ਕੀ ਕਰਨਾ, ਕਰਨਾ ਸਾਨੂੰ ਪੈਣਾ ਏ,
ਰੰਗਲੇ ਪੰਜਾਬ 'ਚ ਆਪਾਂ ਖੁਸ਼ਹਾਲ ਜੇ ਰਹਿਣਾ ਏ।
ਕਾਹਲੀ ਦੇ 'ਚ ਭੱਜ ਕੇ ਨਾ ਤੁਸੀਂ ਗਿੱਟਾ ਮੋਚ ਲਿਓ
ਵੋਟ ਪਾਉਣ ਤੋਂ ਪਹਿਲਾਂ ਥੋੜ੍ਹਾ ਬਹੁਤਾ ਸੋਚ ਲਿਓ।

**-ਪਰਮਜੀਤ ਸੰਧੂ* ਥੇਹ ਤਿੱਖਾ ਗੁਰਦਾਸਪੁਰ 9464427651**

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਸੁਦੇਸ਼ ਕੁਮਾਰ ਬੱਗਾ ਨੇ 'ਸਟਿੰਗ ਆਪ੍ਰੇਸ਼ਨ' ਦਾ ਇਹ ਅੰਕ ਪਲਮਗ ਪ੍ਰਿੰਟਰਜ਼, 448/13, ਅਵਤਾਰ ਨਗਰ, ਜਲੰਧਰ-144001 (ਪੰਜਾਬ) ਤੋਂ ਛਪਵਾ ਕੇ ਹਾਊਸ ਨੰ. 125, ਪਿੰਡ ਮਲਕੋ, ਡਾਕ. ਤਰਾੜ-144026, ਜ਼ਿਲ੍ਹਾ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ। RNI Regd. No. PUNMUL/2012/47956

मालिक, प्रकाशक, प्रिंटर्ज एवं सम्पादक सुदेश कुमार बग्गा ने 'स्टिंग आप्रेशन' का यह अंक पलमग प्रिंटरज, 448/13, अवतार नगर, जालन्धर-144001 (पंजाब) से छपवा कर हाऊस नं. 125, गांव मलको, डाकघर तराड़-144026, जिला जालन्धर (पंजाब) से प्रकाशित किया। RNI Regd. No. PUNMUL/2012/47956

Editor, Printers and Publisher Sudesh Kumar Bagga, Printed at Plamag Printers, 448/13, Avtar Nagar, Jalandhar-144001 (Punjab) and Published from H. No. 125 Vill. Malko, P.O. Trarh. Distt. Jalandhar (Punjab). RNI Regd. No. PUNMUL/2012/47956

☛ 'ਸਟਿੰਗ ਆਪ੍ਰੇਸ਼ਨ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿੱਚ ਹੀ ਹੋਵੇਗਾ। ☛ ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ☛ ਖ਼ਬਰਾਂ ਪ੍ਰਤੀ ਜ਼ਿੰਮੇਵਾਰੀ ਸੰਬੰਧਤ ਪੱਤਰਕਾਰ ਦੀ ਹੋਵੇਗੀ।



ਕੀ ਤੁਹਾਨੂੰ 'ਸਟਿੰਗ ਆਪ੍ਰੇਸ਼ਨ' ਦਾ E-PAPER ਨਹੀਂ ਮਿਲ ਰਿਹਾ ?

ਹੁਣ ਹੀ ਡਾਊਨਲੋਡ ਕਰੋ...

www.stingoperation.us/epaper/

ਵਟਸਐਪ 'ਤੇ ਈ-ਪੇਪਰ
ਮੰਗਵਾਉਣ ਲਈ ਮੈਸੇਜ ਕਰੋ
Epaper ST

+91 90416 59160

ਯਾਦ ਰੱਖੋ www.stingoperation.us/epaper/

ਸਟਿੰਗ ਆਪ੍ਰੇਸ਼ਨ

ਲਈ ਵਿਦੇਸ਼ਾਂ ਤੋਂ ਪੱਤਰਕਾਰਾਂ ਦੀ ਲੋੜ ਹੈ

ਸੰਪਰਕ ਕਰੋ :

+91 90416-59160

e-mail : stingnews24@gmail.com





## ਵਿਗਿਆਨੀਆਂ ਅਤੇ ਇੰਜੀਨੀਅਰਾਂ ਨੂੰ ਸਮਾਜਿਕ ਵਿਗਿਆਨ ਦਾ ਅਧਿਐਨ ਕਿਉਂ ਕਰਨਾ ਚਾਹੀਦਾ ਹੈ

ਇੱਕ ਇੰਜੀਨੀਅਰ ਨਵੰਬਰ 2018 ਵਿੱਚ ਅਹਿਮਦਾਬਾਦ ਵਿੱਚ ਗੁਜਰਾਤ ਸਾਇੰਸ ਸਿਟੀ ਵਿੱਚ ਇੱਕ ਮੀਡੀਆ ਪ੍ਰੀਵਿਊ ਦੌਰਾਨ ਰੋਬੋਟ ਵੇਟਰ ਨੂੰ ਪ੍ਰੋਗਰਾਮ ਕਰਦਾ ਹੈ। ਰਾਇਟਰਜ਼ ਵਿਗਿਆਨੀਆਂ ਅਤੇ ਇੰਜੀਨੀਅਰਾਂ ਨੂੰ ਸਮਾਜਿਕ ਵਿਗਿਆਨ ਕਿਉਂ ਸਿੱਖਣਾ ਚਾਹੀਦਾ ਹੈ? ਇਹ ਸਵਾਲ ਅਕਸਰ ਉਹਨਾਂ ਵਿਗਿਆਨੀਆਂ ਅਤੇ ਇੰਜੀਨੀਅਰਾਂ ਦੁਆਰਾ ਪੁੱਛਿਆ ਜਾਂਦਾ ਹੈ ਜੋ ਕੁਦਰਤੀ ਵਿਗਿਆਨਾਂ 'ਤੇ ਧਿਆਨ ਕੇਂਦਰਤ ਕਰਦੇ ਹਨ। ਸਮਾਜਿਕ ਵਿਗਿਆਨ ਨੂੰ ਉਹਨਾਂ ਲਈ ਬਹੁਤ ਘੱਟ ਪ੍ਰਸੰਗਿਕ ਮੰਨਿਆ ਜਾਂਦਾ ਹੈ ਜੋ ਪ੍ਰਯੋਗਸ਼ਾਲਾਵਾਂ ਅਤੇ ਨਵੀਨਤਾ ਅਤੇ ਤਕਨੀਕੀ ਵਿਕਾਸ ਲਈ ਸਮਰਪਿਤ ਸਥਾਨਾਂ ਵਿੱਚ ਕੰਮ ਕਰਦੇ ਹਨ, ਜਿਨ੍ਹਾਂ ਨੂੰ ਕੁਦਰਤੀ ਵਿਗਿਆਨ ਨਾਲ ਚਾਰਜ ਕੀਤਾ ਜਾਂਦਾ ਹੈ ਅਤੇ ਸਮਾਜਿਕ ਵਰਤਾਰੇ ਤੋਂ ਰਹਿਤ ਮੰਨਿਆ ਜਾਂਦਾ ਹੈ।ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਜਿੱਥੇ ਨੌਜਵਾਨ ਦਿਮਾਗ ਅਨੁਸ਼ਾਸਨੀ ਸਿਖਲਾਈ ਪ੍ਰਾਪਤ ਕਰਦੇ ਹਨ, ਕੁਦਰਤੀ ਵਿਗਿਆਨ ਨੂੰ ਬੌਧਿਕ ਅਤੇ ਸਰੀਰਕ ਤੌਰ 'ਤੇ ਸਮਾਜਿਕ ਵਿਗਿਆਨ ਤੋਂ ਵੱਖ ਕੀਤਾ ਜਾਂਦਾ ਹੈ। ਸਭ ਤੋਂ ਵੱਧ, ਵਿਗਿਆਨੀ ਅਤੇ ਇੰਜੀਨੀਅਰ ਸਵੀਕਾਰ ਕਰਨਗੇ ਕਿ ਸਮਾਜਿਕ ਵਿਗਿਆਨ ਦਾ ਅਧਿਐਨ ਕਰਨ ਨਾਲ ਤਕਨਾਲੋਜੀ ਦੀ ਵਰਤੋਂ ਅਤੇ ਅਪਣਾਉਣ ਨੂੰ ਸਮਝਣ ਵਿੱਚ ਮਦਦ ਮਿਲਦੀ ਹੈ ਜਦੋਂ ਇਹ ਸਮਾਜ ਵਿੱਚ ਸ਼ੁਰੂ ਹੋ ਜਾਂਦੀ ਹੈ। ਪਰ ਸਮਾਜਿਕ ਵਿਗਿਆਨ ਕੇਵਲ ਸੰਸਾਰ ਨੂੰ ਸਮਝਣ ਵਿੱਚ ਮਦਦ ਨਹੀਂ ਕਰਦਾ ਜੋ ਨਵੀਨਤਾ ਅਤੇ ਤਕਨੀਕੀ ਤਰੱਕੀ ਲਈ ਬਾਹਰੀ ਹੈ, ਇਹ ਉਹਨਾਂ ਦੇ ਅਧੀਨ ਪ੍ਰਕਿਰਿਆਵਾਂ ਨੂੰ ਵੀ ਦਰਸਾਉਣ ਵਿੱਚ ਮਦਦ ਕਰਦਾ ਹੈ। ਇਹ ਪ੍ਰਕਿਰਿਆਵਾਂ ਵਿਆਪਕ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਪ੍ਰਸੰਗਾਂ ਵਿੱਚ ਡੂੰਘਾਈ ਨਾਲ ਜੁੜੀਆਂ ਹੋਈਆਂ ਹਨ। ਉਹ ਨਿਰਪੱਖ, ਪੂਰਵ-ਨਿਰਧਾਰਤ ਜਾਂ ਉਦੇਸ਼ ਨਹੀਂ ਹਨ। ਵਾਸਤਵ ਵਿੱਚ, ਤਕਨੀਕੀ ਵਿਕਾਸ ਦੀ ਪ੍ਰਕਿਰਿਆ ਵਿੱਚ ਕਈ ਸਮਾਜਿਕ, ਆਰਥਿਕ, ਤਕਨੀਕੀ ਅਤੇ ਨੈਤਿਕ ਵਿਕਲਪ ਅਤੇ ਵਿਚਾਰ ਸ਼ਾਮਲ ਹਨ। ਇਸ ਪ੍ਰਕਿਰਿਆ ਵਿੱਚ ਕੁਦਰਤ ਦੇ ਨਿਯਮਾਂ ਨੂੰ ਸਮਝਣਾ, ਪਛਾਣ ਕੀਤੀ ਗਈ ਸਮਾਜਿਕ ਸਮੱਸਿਆ ਲਈ ਗਿਆਨ ਨੂੰ ਲਾਗੂ ਕਰਨਾ ਅਤੇ ਸਮੱਸਿਆ ਨੂੰ ਹੱਲ ਕਰਨ ਲਈ ਇੱਕ ਉਤਪਾਦ ਤਿਆਰ ਕਰਨਾ ਸ਼ਾਮਲ ਹੈ। ਚੋਣਾਂ ਅਤੇ ਵਿਚਾਰਾਂ ਵਿੱਚ ਖੋਜ ਲਈ ਇੱਕ ਸਮਾਜਿਕ ਚੁਣੌਤੀ ਨੂੰ ਤਰਜੀਹ ਦੇਣਾ, ਖੋਜ ਟੀਚਿਆਂ ਨੂੰ ਨਿਰਧਾਰਤ ਕਰਨਾ ਅਤੇ ਖੋਜ ਅਤੇ ਵਿਕਾਸ ਲਈ ਇੱਕ ਵਿਸ਼ੇਸ਼ ਪਹੁੰਚ ਅਪਣਾਉਣ ਵਿੱਚ ਸ਼ਾਮਲ ਹੈ। ਇਸ ਵਿੱਚ ਉਤਪਾਦਨ ਤੋਂ ਨਿਪਟਾਰੇ ਤੱਕ, ਇਸਦੇ ਜੀਵਨ ਚੱਕਰ ਦੌਰਾਨ ਉੱਭਰ ਰਹੀ ਤਕਨਾਲੋਜੀ ਦੇ ਸਮਾਜਿਕ ਅਤੇ ਵਾਤਾਵਰਣਕ ਪ੍ਰਭਾਵਾਂ ਦਾ ਮੁਲਾਂਕਣ ਕਰਨਾ ਵੀ ਸ਼ਾਮਲ ਹੈ। ਉਦਾਹਰਨ ਲਈ, ਖੇਤੀ ਉਤਪਾਦਨ ਨੂੰ ਵੱਧ ਤੋਂ ਵੱਧ ਕਰਨ ਦਾ ਟੀਚਾ ਰੱਖਣ ਵਾਲੇ ਵਿਗਿਆਨੀਆਂ ਨੂੰ ਕਈ ਵਿਕਲਪ ਕਰਨੇ ਪੈਂਦੇ ਹਨ। ਉਹਨਾਂ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਜੈਨੇਟਿਕ ਤੌਰ 'ਤੇ ਸੋਧੀਆਂ ਫਸਲਾਂ ਬਣਾਉਣ ਲਈ ਜੈਨੇਟਿਕ ਇੰਜੀਨੀਅਰਿੰਗ ਤਕਨੀਕਾਂ ਨੂੰ ਅਪਣਾਉਣਾ ਹੈ। ਪਰ ਇਹ ਵਾਤਾਵਰਨ ਸੁਰੱਖਿਆ ਦੇ ਸੰਭਾਵੀ ਖਰਚੇ 'ਤੇ ਝਾੜ ਜਾਂ ਕੀੜਿਆਂ ਦੇ ਟਾਕਰੇ ਨੂੰ ਤਰਜੀਹ ਦੇਵੇਗਾ, ਭੋਜਨ ਵੈੱਬ ਅਤੇ ਮਨੁੱਖੀ ਭਲਾਈ 'ਤੇ 7$ ਫਸਲਾਂ ਦੇ ਲੰਬੇ ਸਮੇਂ ਦੇ ਪ੍ਰਭਾਵ ਦੇ ਸਖ਼ਤ ਵਿਸ਼ਲੇਸ਼ਣ ਨੂੰ ਕਮਜ਼ੋਰ ਕਰੇਗਾ। ਇਹ ਚੋਣਾਂ ਅਤੇ ਵਿਚਾਰ ਤਕਨੀਕੀ ਵਿਕਾਸ ਦੇ ਰੂਪ, ਦਿਸ਼ਾ ਅਤੇ ਗਤੀ ਨੂੰ ਆਕਾਰ ਦਿੰਦੇ ਹਨ।

ਇਹਨਾਂ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਸਮਾਜਿਕ ਕਾਰਕ ਵਿੱਚ ਮਾਰਕੀਟ ਦੀ ਮੰਗ, ਫੰਡਿੰਗ ਵਿਧੀ, ਵਪਾਰਕ ਰਣਨੀਤੀ, ਵਪਾਰੀਕਰਨ ਦੀ ਸੰਭਾਵਨਾ ਅਤੇ ਮੁਨਾਫੇ ਸ਼ਾਮਲ ਹਨ। ਅਕਸਰ, ਤਕਨੀਕੀ ਵਿਕਾਸ ਮੁੱਲਾਂ, ਵਿਸ਼ਵਾਸਾਂ ਅਤੇ ਸਮਾਜਿਕ ਨਿਯਮਾਂ ਦੁਆਰਾ ਚਲਾਇਆ ਜਾਂਦਾ ਹੈ। ਉਦਾਹਰਨ ਲਈ, ਦਹਾਕਿਆਂ ਦੌਰਾਨ, ਗਰਭ ਨਿਰੋਧਕ ਗੋਲੀਆਂ ਸਮੇਤ, ਮਰਦ ਗਰਭ ਨਿਰੋਧਕ ਦਾ ਸੀਮਤ ਵਿਕਾਸ ਦਰਸਾਉਂਦਾ ਹੈ ਕਿ ਕਿਵੇਂ ਮਰਦ ਪ੍ਰਧਾਨਤਾ ਤਕਨੀਕੀ ਤਰੱਕੀ ਨੂੰ ਪ੍ਰਭਾਵਿਤ ਕਰਦੀ ਹੈ। ਮਰਦ ਗਰਭ ਨਿਰੋਧਕ ਵਿਕਲਪਾਂ ਦੀ ਘਾਟ ਔਰਤਾਂ 'ਤੇ ਗਰਭ-ਨਿਰੋਧ ਨੂੰ ਰੋਕਣ ਦਾ ਅਸਧਾਰਨ ਬੋਝ ਪਾਉਂਦੀ ਹੈ। ਸਾਰੀਆਂ ਸਮਾਜਿਕ ਸਮੱਸਿਆਵਾਂ ਨੂੰ ਵਿਗਿਆਨਕ ਅਤੇ ਇੰਜੀਨੀਅਰਿੰਗ ਭਾਈਚਾਰੇ ਤੋਂ ਇੱਕੋ ਜਿਹੀ ਤਰਜੀਹ ਨਹੀਂ ਮਿਲਦੀ। ਉਦਾਹਰਨ ਲਈ, ਮਲਟੀਡਰੱਗ ਰੋਧਕ ਤਪਦਿਕ ਨਾਲ ਨਜਿੱਠਣ ਲਈ ਨਵੀਆਂ ਦਵਾਈਆਂ ਦਾ ਵਿਕਾਸ ਸੁਸਤ ਰਹਿੰਦਾ ਹੈ। ਪਿਛਲੇ ਸੌ ਸਾਲਾਂ ਵਿੱਚ ਤਪਦਿਕ ਦੇ ਵਿਰੁੱਧ ਕੋਈ ਵੀ ਨਵੀਂ ਵੈਕਸੀਨ ਵਿਕਸਿਤ ਨਹੀਂ ਕੀਤੀ ਗਈ ਹੈ ਮੁੱਖ ਤੌਰ 'ਤੇ ਉਹਨਾਂ ਦੀ ਸੀਮਤ ਵਪਾਰਕ ਸਮਰੱਥਾ ਦੇ ਕਾਰਨ: ਛੂਤ ਦੀ ਬਿਮਾਰੀ ਵਿਕਾਸਸ਼ੀਲ ਦੇਸ਼ਾਂ ਵਿੱਚ ਗਰੀਬ ਲੋਕਾਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰਦੀ ਹੈ ਜਿਨ੍ਹਾਂ ਦੀ ਖਰੀਦ ਸ਼ਕਤੀ ਘੱਟ ਹੈ। ਭਾਰਤ ਵਿੱਚ ਵੀ, ਇੱਕ ਸਮਾਨ ਪੱਖਪਾਤ ਤਕਨੀਕੀ ਨਵੀਨਤਾ ਨੂੰ ਆਕਾਰ ਦਿੰਦਾ ਹੈ। ਅਗਸਤ 2023 ਵਿੱਚ ਭਾਰਤੀ ਪੁਲਾੜ ਖੋਜ ਸੰਸਥਾਚੰਦਰਯਾਨ-3 ਨੂੰ ਚੰਦਰਮਾ 'ਤੇ ਉਤਾਰਿਆ। ਪਰ ਦੇਸ਼ ਨੇ ਅਜੇ ਤੱਕ ਅਜਿਹੀ ਤਕਨੀਕ ਵਿਕਸਿਤ ਅਤੇ ਤੈਨਾਤ ਕਰਨੀ ਹੈ ਜੋ ਹੱਥੀਂ ਸਫ਼ੈਦ ਕਰਨ ਵਾਲਿਆਂ ਜਾਂ ਮੁਸਾਫਰਾਂ ਦੀਆਂ ਮੌਤਾਂ ਨੂੰ ਮੁੰਬਈ ਵਿੱਚ ਲੋਕਲ ਟ੍ਰੇਨਾਂ ਵਿੱਚ ਡਿੱਗਣ ਤੋਂ ਰੋਕਦੀ ਹੈ। ਭਾਵੇਂ ਪੁਲਾੜ ਪ੍ਰੋਗਰਾਮ ਵਿੱਚ ਸਫ਼ਲਤਾਵਾਂ ਹੋਈਆਂ ਹਨ, ਇਹ ਮੰਨਣ ਦੀ ਲੋੜ ਹੈ ਕਿ ਆਦਿਵਾਸੀਆਂ, ਛੋਟੇ ਅਤੇ ਸੀਮਾਂਤ ਕਿਸਾਨਾਂ ਅਤੇ ਸ਼ਹਿਰੀ ਯਾਤਰੀਆਂ ਦੀਆਂ ਚਿੰਤਾਵਾਂ ਉਚਿਤ ਕਾਢਾਂ ਦੀ ਉਡੀਕ ਕਰ ਰਹੀਆਂ ਹਨ। ਕਰੀਅਰ ਦੀਆਂ ਸੰਭਾਵਨਾਵਾਂ ਪ੍ਰਤਿਭਾ ਦੀ ਆਮਦ ਅਤੇ ਨਵੀਨਤਾ ਅਤੇ ਉੱਦਮਤਾ ਦੀ ਗਤੀ ਨੂੰ ਪ੍ਰਭਾਵਿਤ ਕਰਨ ਵਿੱਚ ਵੀ ਇੱਕ ਮਹੱਤਵਪੂਰਣ ਭੂਮਿਕਾ ਨਿਭਾ ਸਕਦੀਆਂ ਹਨ। ਉਹ ਖੇਤਰ ਜੋ ਵਿਗਿਆਨੀ ਅਤੇ ਇੰਜੀਨੀਅਰ ਖੋਜ ਕਰਨ ਲਈ ਚੁਣਦੇ ਹਨ ਜਾਂ ਇੰਜੀਨੀਅਰਿੰਗ ਦੀ ਸ਼ਾਖਾ ਜੋ ਇੱਕ ਵਿਦਿਆਰਥੀ ਅੰਡਰਗ੍ਰੈਜੂਏਟ ਪੱਧਰ 'ਤੇ ਚੁਣਦਾ ਹੈ ਇੱਕ ਵਿਅਕਤੀਗਤ ਚੋਣ ਜਾਪਦਾ ਹੈ। ਪਰ ਇਹ ਚੋਣ ਸਮਾਜਿਕ ਕਾਰਕਾਂ ਦੁਆਰਾ ਪ੍ਰਭਾਵਿਤ ਹੁੰਦੀ ਹੈ। ਇਸ ਲਈ ਜਾਤ, ਵਰਗ ਅਤੇ ਅਸਮਾਨਤਾ ਵਰਗੇ ਸਮਾਜਿਕ ਵਰਤਾਰਿਆਂ ਦੇ ਨਾਲ-ਨਾਲ ਨਵੀਨਤਾ ਅਤੇ ਤਕਨੀਕੀ ਵਿਕਾਸ ਅਤੇ ਤਾਇਨਾਤੀ ਦੀ ਪ੍ਰਕਿਰਿਆ ਦਾ ਅਧਿਐਨ ਕਰਨਾ ਵੀ ਜ਼ਰੂਰੀ ਹੈ। ਸਮਾਜਿਕ ਵਿਗਿਆਨ ਨੂੰ ਸਮਝਣਾ ਵਿਗਿਆਨੀਆਂ ਅਤੇ ਇੰਜੀਨੀਅਰਾਂ ਨੂੰ ਆਪਣੇ ਆਲੇ ਦੁਆਲੇ ਦੇ ਵਿਗਿਆਨਕ ਅਤੇ ਤਕਨੀਕੀ ਸੰਸਾਰ 'ਤੇ ਆਲੋਚਨਾਤਮਕ ਤੌਰ 'ਤੇ ਪ੍ਰਤੀਬਿੰਬਤ ਕਰਨ ਅਤੇ ਇਸ ਪ੍ਰਕਿਰਿਆ ਵਿੱਚ ਉਹਨਾਂ ਦੀਆਂ ਆਪਣੀਆਂ ਭੂਮਿਕਾਵਾਂ ਅਤੇ ਕਾਰਵਾਈਆਂ ਸਮੇਤ, ਤਕਨੀਕੀ ਵਿਕਾਸ ਦੀ ਇਸ ਪ੍ਰਕਿਰਿਆ ਦੀ ਜਾਂਚ ਕਰਨ ਲਈ ਹੁਨਰਾਂ ਨਾਲ ਲੈਸ ਕਰੇਗਾ।

**-ਵਿਜੇ ਗਰਗ ਰਿਟਾਇਰਡ ਪ੍ਰਿੰਸੀਪਲ**
**ਐਜੂਕੇਸ਼ਨਲ ਕਾਲਮਨਿਸਟ ਮਲੋਟ**


ਸਟਿੰਗ ਆਪ੍ਰੇਸ਼ਨ
Jalandhar
STING OPERATION
(Daily Newspaper & Web Channel)
ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ
--- : Contact :---
90416-59160
stingnews24@gmail.com


## ਪਿੰਡ ਨਾਰਾ ਵਿਖੇ ਗਿਆਰਵੀਂ ਵਾਲੀ ਸਰਕਾਰ ਦੇ ਦਰਬਾਰ ਤੇ ਸਲਾਨਾ ਸੂਫੀਆਨਾ ਮੇਲਾ 6 ਅਤੇ 7 ਅਪਰੈਲ ਨੂੰ : ਰਾਜ ਕੁਮਾਰ ਬੱਧਣ



**ਹੁਸ਼ਿਆਰਪੁਰ 28 ਮਾਰਚ (ਸਟਿੰਗ ਆਪ੍ਰੇਸ਼ਨ ਬਿਊਰੋ)**-ਨਜ਼ਦੀਕੀ ਪਿੰਡ ਨਾਰਾ ਵਿਖੇ ਦਰਬਾਰ ਗਿਆਰਵੀਂ ਵਾਲੀ ਸਰਕਾਰ ਦੇ ਦਰਬਾਰ ਤੇ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਰੇ ਵੀ 42ਵਾਂ ਸਲਾਨਾ ਸੂਫੀਆਨਾ ਮੇਲਾ 6 ਅਤੇ 7 ਅਪ੍ਰੈਲ ਨੂੰ ਗੱਦੀ ਨਸ਼ੀਨ ਹਜ਼ਰਤ ਬਾਬਾ ਜੀਵਨ ਸ਼ਾਹ ਕਾਦਰੀ ਜੀ ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਗੱਦੀ ਨਸ਼ੀਨ ਹਜ਼ਰਤ ਬਾਬਾ ਜੀਵਨ ਸ਼ਾਹ ਕਾਦਰੀ ਜੀ ਦੇ ਫਰਜੰਗ ਰਾਜ ਕੁਮਾਰ ਬੱਧਣ ਜਿਲ੍ਹਾ ਉਪ ਪ੍ਰਧਾਨ ਬੇਗਮਪੁਰਾ ਟਾਈਗਰ ਫੋਰਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੇਲੇ ਵਿੱਚ ਸਭ ਤੋਂ ਪਹਿਲਾਂ ਦਾਤਾ ਜੀ ਦੇ ਦਰਬਾਰ ਤੇ ਚਾਦਰ ਪੋਸ਼ੀ ਅਤੇ ਨਿਸ਼ਾਨ ਸਾਹਿਬ ਦੀ ਰਸਮ ਆਏ ਹੋਏ ਪੀਰਾ ਫਕੀਰਾਂ ਅਤੇ ਮਹਾਂਪੁਰਸ਼ਾਂ ਦੁਆਰਾ ਕੀਤੀ ਜਾਵੇਗੀ ਉਹਨਾਂ ਦੱਸਿਆ ਕਿ ਮੇਲੇ ਵਿੱਚ ਬੇਗਮਪੁਰਾ ਟਾਇਗਰ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ, ਦੋਆਬਾ ਪ੍ਰਧਾਨ ਨੇਕੂ ਅਜਨੋਹਾ, ਦੋਆਬਾ ਇੰਚਾਰਜ ਜੱਸਾ ਸਿੰਘ ਨੰਦਨ, ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ, ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਤੀਸ਼ ਕੁਮਾਰ ਸ਼ੇਰਗੜ੍ਹ, ਚੰਦਰ ਕੁਮਾਰ ਹੈਪੀ ਮੀਡੀਆ ਇੰਚਾਰਜ, ਬ੍ਰਹਮ ਸ਼ੰਕਰ ਜਿੰਪਾ ਕੈਬਨਟ ਮੰਤਰੀ ਪੰਜਾਬ ਡਾਕਟਰ ਰਵਜੋਤ ਸਿੰਘ ਬੱਧਣ ਐਮ ਐਲ ਏ ਹਲਕਾ ਸ਼ਾਮ 84 ਡਾਕਟਰ ਰਾਜ ਕੁਮਾਰ ਚੱਬੇਵਾਲ ਸਾਬਕਾ ਐਮ ਐਲ ਏ ਅਤੇ ਸੁਰਿੰਦਰ ਲਾਂਬਾ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੇ ਉਹਨਾਂ ਦੱਸਿਆ ਕਿ ਮੇਲੇ ਵਿੱਚ ਪੰਜਾਬ ਨਹੀਂ ਬਲਕਿ ਵਰਲਡ ਦੀਆਂ ਫੇਮਸ ਆਵਾਜ਼ਾਂ ਜਿਹਨਾਂ ਵਿੱਚ ਇੰਟਰਨੈਸ਼ਨਲ ਗਾਇਕ ਫਿਰੋਜ਼ ਖਾਨ, ਕਮਲ ਖਾਨ, ਵਿਨੀਤ ਖਾਨ, ਕਾਂਸ਼ੀ ਨਾਥ, ਇਸ਼ਰਤ ਗੁਲਾਮ ਅਲੀ, ਮਨੀ ਕਨਵਰ, ਪ੍ਰਤਾਪ ਰਾਣਾ, ਆਦਿ ਸ਼ਿਹਨਸ਼ਾਹਾਂ ਦੇ ਚਰਨਾਂ ਵਿੱਚ ਹਾਜ਼ਰੀਆਂ ਲਗਵਾ ਕੇ ਸੰਗਤਾਂ ਨੂੰ ਦਾਤਾ ਜੀ ਦੇ ਚਰਨਾਂ ਨਾਲ ਜੋੜਨਗੇ ਉਹਨਾ ਦੱਸਿਆ ਕਿ ਮੇਲੇ ਦੋਰਾਨ ਦੋਵੇ ਦਿਨ ਦਾਤਾ ਜੀ ਦਾ ਲੰਗਰ ਬੇਪ੍ਰਵਾਹ ਚੱਲੇਗਾ ।

## ਕਰਤਾਰਪੁਰ 'ਚ ਲੋਕ ਸਭਾ ਚੋਣਾਂ ਸਬੰਧੀ ਪੁਲਿਸ ਵਲੋਂ ਫਲੈਗ ਮਾਰਚ ਕਢਿਆ ਗਿਆ




**ਕਰਤਾਰਪੁਰ 29ਮਾਰਚ ( ਸ਼ਿਵ ਕੁਮਾਰ ਰਾਜੂ )**-ਅੱਜ ਕਰਤਾਰਪੁਰ ਵਿਖੇ ਲੋਕ ਸਭਾ ਚੋਣਾਂ 2024 ਦੇ ਮੱਦੇ ਨਜ਼ਰ ਐਸਡੀਐਮ ਬਲਬੀਰ ਰਾਜ ਸਿੰਘ ਅਤੇ ਡੀਐਸਪੀ ਕਰਤਾਰਪੁਰ ਦੀ ਅਗਵਾਈ ਵਿੱਚ ਪੁਲਿਸ ਵਲੋ ਫਲੈਗ ਮਾਰਚ ਕੱਢਿਆ ਗਿਆ, ਇਹ ਫਲੈਗ ਮਾਰਚ ਕਰਤਾਰਪੁਰ ਪੁਲਿਸ ਸਟੇਸ਼ਨ ਤੋਂ ਸ਼ੁਰੂ ਹੋ ਕੇ ਕਰਤਾਰਪੁਰ ਬੱਸ ਸਟੈਂਡ ਚੋਂਕ, ਫਰਨੀਚਰ ਬਾਜ਼ਾਰ, ਕਮੇਟੀ ਬਾਜ਼ਾਰ ਤੋਂ ਹੁੰਦਾ ਹੋਇਆ ਨਸੀਬ ਚੰਦ ਚੌਂਕ, ਮੇਨ ਬਾਜ਼ਾਰ, ਆਰੀਆ ਬਾਜ਼ਾਰ ਤੇ ਬਾਰਾਦਰੀ ਬਾਜ਼ਾਰ ਹੁੰਦਾ ਹੋਇਆ ਪੁਲਿਸ ਸਟੇਸ਼ਨ ਕਰਤਾਰਪੁਰ ਵਿਖੇ ਜਾ ਕੇ ਸਮਾਪਤ ਹੋਇਆ ਇਸ ਵਿੱਚ ਐਸਐਚਓ ਕਰਤਾਰਪੁਰ, ਐਸਐਚ ਓ ਥਾਣਾ ਮਕਸੂਦਾਂ ਅਤੇ ਐਸਐਚਓ ਲਾਂਬੜਾ ਦੇ ਵੱਲੋਂ ਵੀ ਸ਼ਿਰਕਤ ਕੀਤੀ ਗਈ ।ਇਸ ਮੌਕੇ ਤੇ ਸੈਕਟਰ ਅਫਸਰ ਅਨਿਲ ਕੁਮਾਰ, ਸੈਕਟਰ ਅਫਸਰ ਤ੍ਰਿਪਤ ਕੁਮਾਰ ਅਤੇ ਨਾਇਬ ਤਹਿਸੀਲਦਾਰ ਅਮਰਜੀਤ ਵੀ ਹਾਜ਼ਰ ਸਨ। ਇਸ ਮੌਕੇ ਤੇ ਐਸਡੀਐਮ ਬਲਬੀਰ ਰਾਜ ਸਿੰਘ ਨੇ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਕੀ ਸ਼ਹਿਰ ਵਿੱਚ ਇਹਨਾਂ ਚੋਣਾਂ ਦੌਰਾਨ ਕਿਸੇ ਵੀ ਤਰ੍ਹਾਂ ਦੀ ਸ਼ਾਂਤੀ ਭੰਗ ਕਰਨ ਦੀ ਕਿਸੇ ਨੂੰ ਵੀ ਆਜ਼ਾਦੀ ਨਹੀਂ ਹੋਵੇਗੀ। ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇਗਾ। ਨਾਲ ਹੀ ਉਨਾਂ ਨੇ ਸਾਰੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਹਨਾਂ ਚੋਣਾਂ ਵਿੱਚ ਨਿਡਰ ਹੋ ਕੇ ਅਤੇ ਵੱਧ ਚੱੜਕੇ ਹਿੱਸਾ ਲੈਣ।

### ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

WhatsApp

**ਵਟਸਐਪ 'ਤੇ ਖ਼ਬਰਾਂ ਜਾਂ ਫੋਟੋਆਂ ਨਾ ਭੇਜੀਆਂ ਜਾਣ**

ਸਮੂਹ ਪੱਤਰਕਾਰਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਵਟਸਐਪ 'ਤੇ ਨਾ ਭੇਜਣ ਕਿਉਂਕਿ ਵੱਡੀ ਮਾਤਰਾ 'ਚ ਖ਼ਬਰਾਂ ਚੁੱਕਣਾ ਅਸੰਭਵ ਹੈ। ਇਸ ਲਈ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਛਪਣਯੋਗ ਸਮੱਗਰੀ ਕੇਵਲ ਤੇ ਕੇਵਲ ਈ-ਮੇਲ ਹੀ ਕੀਤੀਆਂ ਜਾਣ। ਆਪ ਵੱਲੋਂ ਦਿੱਤੇ ਸਹਿਯੋਗ ਲਈ ਹਮੇਸ਼ਾ ਧੰਨਵਾਦੀ ਰਹਾਂਗੇ।

stingnews24@gmail.com

आप की अपनी आवाज
Postal Regd. No. PB/JL-067/2024-26
दैनिक
# स्टिंग आप्रेशन
RNI Regd. No. PUNMUL/2012/47956
www.stingoperation.us, E-mail : stingnews24@gmail.com
STING OPERATION
(Newspaper & Web Channel)
जालन्धर, शनिवार, 30 मार्च 2024
वर्ष-13, अंक नं. -45, मुख्य सम्पादक : सुदेश कुमार बग्गा मो. (+91) 90416-59160, 94177-17088, सहायक सम्पादक : राकेश भटेजा





## बिल गेट्स और पी.एम. मोदी की बातचीत का वीडियो जारी

# ‘हमारे यहां बच्चा पैदा होता है तो ‘आई’ और AI दोनों बोलता है’

प्रधानमंत्री नरेंद्र मोदी और माइक्रोसॉफ्ट के को-फाऊंडर बिल गेट्स की मुलाकात सुर्खियों में है। दोनों के बीच आर्टीफिशियल इंटैलिजैंस, डिजिटल रेवोल्यूशन, हैल्थकेयर, एजुकेशन समेत दुनिया के कई अहम मुद्दों पर बातचीत हुई है...

**स्टिंग आप्रेशन की विशेष रिपोर्ट**



Rakesh Bhateja
Assistant Editor
Daily Sting Operation
98722-53436

भारतीय न केवल प्रौद्योगिकी को अपना रहे हैं बल्कि आगे भी बढ़ रहे हैं। हमारे यहां जब बच्चा पैदा होता है, तो आई (मां) भी बोलता है और ए.आई. (आर्टीफिशियल इंटैलिजैंस) भी बोलता है। यहा बातें प्रधानमंत्री नरेंद्र मोदी ने अरबपति निवेशक और माइक्रोसॉफ्ट के को-फाऊंडर बिल गेट्स ने नई दिल्ली में पी.एम. आवास पर उनसे बातचीत के दौरान कही। इस इंटरव्यू को आज ब्रॉडकास्ट किया गया। इसकी थीम ‘फ्रॉम ए आई टू डिजिटल पेमैंट्स’ है। इस बातचीत का एक टीजर 28 मार्च को जारी किया गया था। बिल गेट्स ने बातचीत के दौरान पी.एम. मोदी से कहा कि भारत जिन विषयों को सामने लाता है उनमें से एक यह है कि टैक्नोलॉजी सभी के लिए होनी चाहिए। न्यूज एजैंसी ने कल गुरुवार को सोशल मीडिया प्लेटफॉर्म एक्स पर इसका टीजर जारी किया था जिसमें पी.एम. मोदी बिल गेट्स के साथ आर्टिफिशियल इंटैलिजैंस, डिजिटल रेवोल्यूशन, हैल्थकेयर, एजुकेशन, एग्रीकल्चर, नारी शक्ति, क्लाइमेट चेंज और गवर्नैंस सहित अन्य मुद्दों पर चर्चा करते नजर आ रहे हैं।

Sting Operation
NEWSPAPER & WEB CHANNEL
Contact 90416-59160
Exclusive

## पी.एम. मोदी ने बिल गेट्स को दिखाई अपनी जैकेट

क्लाइमेंट चेंज के सवाल पर पी.एम. मोदी ने बिल गेट्स को अपनी जैकेट दिखाई और बताया कि यह रि-साइकिल मैटेरियल से बनी है। उन्होंने कहा कि हमने प्रगति के पैरामीटर क्लाइमेट फ्रेंडली बनाए थे, आज हमारे प्रगति के सारे पैरामीटर एंटी-क्लाइमेट फ्रेंडली हैं। कोरोना काल के दौरान वैक्सीन बनाने और उसे पूरे देश-दुनिया में पहुंचाने के सवाल पर पी.एम. ने कहा कि आप लोगों को एजुकेट करिए और उन्हें साथ लेकर चलिए। यह वायरस बनाम गवर्नैंट नहीं है, यह लाइफ बनाम वायरस की लड़ाई है।

## साइकिल चलाना नहीं आता था, आज पायलट बन गए, ड्रोन चला रहे हैं

इंटरव्यू के दौरान बिल गेट्स कहते हैं कि टैक्नोलॉजी के क्षेत्र में भारत की थीम यह है कि टैक्नोलॉजी सभी के लिए होनी चाहिए। इस पर पी.एम. मोदी ने कहा कि गांव में महिला मतलब भैंस चराएगी, गाय चराएगी, दूध दुहेगी... नहीं। मैं उसके हाथ में टैक्नोलॉजी देना चाहता हूं। मैं इन दिनों ड्रोन दीदी से बातें करता हूं। उनको इतनी खुशी होती है, वे कहती हैं कि हमको साइकिल चलाना नहीं आता था, आज हम पायलट बन गए हैं, ड्रोन चला रहे हैं।

## कांग्रेस तेरा क्या होगा? पहले लगा हाईकोर्ट से झटका

# अब इन्कम टैक्स डिपार्टमैंट ने दिया 1700 करोड़ का नोटिस

लोकसभा चुनाव से पहले कांग्रेस की मुश्किल बढ़ती नजर आ रही है। आज इनकम टैक्स डिपार्टमैंट ने पार्टी को 1700 करोड़ का नोटिस थमाया है। इससे पहले हाईकोर्ट ने कांग्रेस की याचिका खारिज कर दी थी...

**नई दिल्ली। स्टिंग आप्रेशन ब्यूरो**

कांग्रेस के लिए लोकसभा चुनाव के दौरान कुछ अच्छा नहीं चल रहा है। पार्टी की पहले दिल्ली हाईकोर्ट ने याचिका खारिज कर दी, इसके बाद आज इनकम टैक्स डिपार्टमैंट ने 1700 करोड़ का नोटिस दे दिया है। इसी के साथ कांग्रेस की मुश्किल लोकसभा चुनाव के मद्देनजर बढ़ गई हैं। इनकम टैक्स डिपार्टमैंट की नई डिमांड नोटिस 2017-18 से लेकर 2020-21 के लिए है। इसमें विभाग की तरफ से जुर्माना और ब्याज दोनों शामिल है। जानकारी के मुताबिक, ये राशि अभी बढ़ सकती है। इनकम टैक्स डिपार्टमेंट 2021-22 से लेकर 2024-25 की इनकम का रीवैल्यूएशन का इंतजार कर रही है। इसकी कटऑफ तारीख रविवार को पूरी हो जाएगी।

## हाईकोर्ट ने याचिकाओं को खारिज

**गुरुवार को दिल्ली हाईकोर्ट ने कांग्रेस की उन याचिकाओं को खारिज** कर दिया, जिनमें इनकम टैक्स के अधिकारियों द्वारा उसके खिलाफ 4 साल की अवधि के लिए कर रीवैल्यूएशन कार्यवाही शुरू किए जाने को चुनौती दी गई थी। जस्टिस यशवन्त वर्मा और जस्टिस पुरुषेन्द्र कुमार कौरव की बेंच ने कहा कि अन्य वर्ष के लिए रीवैल्यूएशन शुरू करने में हस्तक्षेप से इनकार करने के पहले के फैसले के अनुसार याचिकाएं खारिज की जाती हैं।

## 100 करोड़ टैक्स की मांग

हाल ही में, हाईकोर्ट ने 100 करोड़ रुपये से अधिक के बकाया टैक्स वसूली के लिए इनकम टैक्स डिपार्टमैंट द्वारा कांग्रेस को जारी किए गए नोटिस पर रोक लगाने से इनकार करते हुए आयकर अपीलीय न्यायाधिकरण के आदेश में हस्तक्षेप करने से भी मना कर दिया था। इनकम टैक्स के आकलन अधिकारी ने वर्ष 2018-19 के लिए 100 करोड़ रुपये से अधिक की टैक्स की मांग की थी, जब पार्टी की इनकम 199 करोड़ रुपये से अधिक आंकी गई थी।



## आज से ‘केजरीवाल को आशीर्वाद’ अभियान शुरू

# पत्नी सुनीता केजरीवाल ने जारी किया व्हाट्सएप नंबर

**स्टिंग आप्रेशन की विशेष रिपोर्ट**



Nitin Chadha
Ass. Joint Editor
Daily Sting Operation

जेल में बंद दिल्ली के मुख्यमंत्री अरविंद केजरीवाल की पत्नी सुनीता केजरीवाल ने कहा कि उन्होंने (अरविंद केजरीवाल) जो कुछ कोर्ट के सामने बोला उसके लिए बहुत हिम्मत चाहिए। पिछले 30 साल से मैं उनके साथ हूं। देशभक्ति उनके रोम-रोम में बसी है। आज फिर से प्रेस कॉन्फ्रेंस कर सुनीता ने जनता द्वारा अपने पति को संदेश भेजने के लिए एक व्हाट्सएप नंबर भी जारी किया है। बता दें कि कोर्ट ने अपने आदेश में सुनीता केजरीवाल को पति अरविंद केजरीवाल से मुलाकात करने की इजाजत दे रखी है। इस दौरान सुनीता ने कहा कि आपने अरविंद केजरीवाल को अपना भाई, अपना बेटा कहा है। क्या इस लड़ाई में आप अपने भाई, अपने बेटे का साथ नहीं देंगे। मैं आपको एक व्हाट्सएप नंबर (8297324624) दे रही हूं। आज से हम एक अभियान शुरू कर रहे हैं जिसका नाम है ‘केजरीवाल को आशीर्वाद’। इस व्हाट्सएप नंबर पर आप अपने अरविंद को आशीर्वाद भेज सकते हैं... आपका एक-एक मैसेज उन तक पहुंचेगा।

**केजरीवाल को कोर्ट से नहीं मिली थी राहत**

बता दें कि अरविंद केजरीवाल को गुरुवार को राउज एवेन्यू कोर्ट से राहत नहीं मिली। अदालत ने ईडी रिमांड 4 दिन के लिए बढ़ा दी, अब वह 1 अप्रैल तक ईडी की कस्टडी में रहेंगे। सुनवाई के दौरान रिमांड बढ़ाने की मांग करते हुए जांच एजैंसी के वकील ने कहा कि मुख्यमंत्री जांच में नहीं कर रहे सहयोग हैं। मामले से जुड़े कुछ और लोगों से सीएम का सामना करवाना है।

## बसपा विधायक राजू पाल हत्याकांड में सभी 7 आरोपी दोषी करार, अतीक और अशरफ भी थे आरोपी

**लखनऊ। स्टिंग आप्रेशन ब्यूरो**

एक ओर विधायक कृष्णानंद राय की हत्या के जिम्मेदार मुख्तार अंसारी की मौत हो गई है तो वहीं, प्रयागराज के बहुचर्चित राजू पाल हत्याकांड मामले में भी सी.बी.आई. की स्पैशल लखनऊ कोर्ट ने 7 आरोपियों को दोषी करार दिया है। इस केस में उत्तर प्रदेश का मशहूर माफिया और उसका भाई अतीक अहमद भी आरोपी था। सीबीआई की स्पैशल कोर्ट ने राजू पाल हत्याकांड में आरोपी आबिद, फरहान, जावेद, अब्दुल, गुल हसन, इसरार और रंजीत को दोषी करार दिया है। जल्द ही कोर्ट सजा का ऐलान कर सकता है। जनवरी 2005 में प्रयागराज जिले में बसपा के तत्कालीन विधायक राजू पाल की हत्या कर दी गयी थी। इसमें बाहुबली पूर्व सांसद अतीक अहमद, उसके भाई पूर्व विधायक अशरफ समेत कई आरोपी बनाये गये थे। राजू पाल की पत्नी पूजा पाल ने थाना धूमनगंज (प्रयागराज) में हत्या के मामले में प्राथमिकी दर्ज कराई थी और पूर्व सांसद अतीक अहमद व उसके भाई अशरफ उर्फ खालिद अजीम को नामजद किया था। छह अप्रैल, 2005 को पुलिस ने इस हत्याकांड मामले की विवेचना के बाद अतीक व अशरफ समेत कई लोगों को आरोपी बनाया था।

**केस के गवाह को भी मारा गया**

राजू पाल हत्याकांड के मुख्य गवाह उमेश पाल की भी गोली मारकर हत्या कर दी गई थी। धूमनगंज थानाक्षेत्र में उमेश पाल के घर के बाहर अज्ञात हमलावरों ने बम और गोली से उन पर हमला किया। इस हमले में उमेश पाल के अलावा उनके दो सुरक्षाकर्मी भी घायल हुए थे। इस हत्या का आरोप भी अतीक अहमद पर ही लगा था। कुख्यात माफिया अतीक अहमद और उसके भाई अशरफ दोनों की मौत हो चुकी है। बीते साल पुलिस हिरासत के दौरान दोनों भाई मीडिया को बाइट दे रहे थे। इस बीच तीन वीडियो कैमरा, माइक और मीडिया आईडी वाले लोग उनके पास पहुंचे और अंधाधुंध फायरिंग शुरू कर दी।





### लोकसभा चुनाव : पंजाब के लिए जल्द जारी होगी भाजपा की सूची

# पहली लिस्ट में शामिल होंगे 6-7 नाम

पंजाब प्रभारी एवं गुजरात के पूर्व मुख्यमंत्री विजय रूपाणी और प्रदेशाध्यक्ष सुनील जाखड़ की अध्यक्षता में कोर कमेटी की बैठक में प्रदेश की 13 सीटों पर चुनावी रणनीति को लेकर चर्चा हुई...

**स्टिंग आप्रेशन की विशेष रिपोर्ट**



**Sumit Bhateja**
Joint Editor
Daily Sting Operation

लोकसभा चुनाव के लिए पंजाब भाजपा की पहली सूची जल्द आएगी। चंडीगढ़ कार्यालय में कोर कमेटी की बैठक के बाद पार्टी प्रदेश अध्यक्ष सुनील जाखड़ ने यह जानकारी दी। जाखड़ ने बताया कि जल्द ही भाजपा की ओर से 6 से 7 प्रत्याशियों के नामों की घोषणा की जाएगी। इन प्रत्याशियों को लेकर पार्टी हाईकमान ने लगभग नाम फाइनल कर लिए हैं। प्रभारी रूपाणी ने संकेत दिए हैं कि हाल ही में आम आदमी पार्टी और कांग्रेस के जिन सांसद और विधायकों ने भाजपा का दामन थामा है, उनका पार्टी में कद बढ़ाया जाएगा। यानी इन नेताओं को लोकसभा चुनाव में भाजपा अपना प्रत्याशी बनाएगी। कमेटी की बैठक के बाद जाखड़ ने चुनाव आयोग से आप के दो विधायकों द्वारा 25 करोड़ की पेशकश के आरोपों की जांच करने की मांग की।


Sting Operation
NEWSPAPER & WEB CHANNEL
Contact 90416-59160
Exclusive


### छोटी रकम की धोखाधड़ी के आरोपियों को 25 करोड़ का ऑफर कौन देगा

जाखड़ ने चुटकी लेते हुए कहा कि जो लोग छोटी रकम की धोखाधड़ी के लिए धारा 420 एफआईआर का सामना कर रहे हैं, वे 25 करोड़ के ऑफर का दावा कर रहे हैं। इसी के साथ जाखड़ ने जालंधर के सांसद सुशील कुमार रिंकू और जालंधर पश्चिम के विधायक शीतल अंगुराल को आप पार्टी प्रायोजित गुंडागर्दी और धमकियों की जांच की मांग की। एक सवाल का जवाब देते हुए जाखड़ ने कहा कि ईडी पंजाब और पंजाबियों के भविष्य पर केजरीवाल और उनके चुने हुए लोगों द्वारा किए गए चूक और कमीशन के स्पष्ट कृत्यों को सामने लाने के लिए लगातार काम कर रहा है। एक्साइज घोटाला और फिर अमरूद बाग घोटाला स्पष्ट करता है कि केजरीवाल के इशारे पर पंजाब के नेताओं ने पंजाब के संसाधनों का खुलेआम भ्रष्टाचार किया है और राज्य को लूटने में शामिल किसी भी व्यक्ति को बख्शा नहीं जाएगा। इस दौरान जाखड़ ने पंजाब सीएम भगवंत मान और उनकी पत्नी डॉ. गुरप्रीत कौर को उनकी बेटी के जन्म पर बधाई देते हुए कहा कि वह नवजात शिशु और परिवार को आशीर्वाद देने के लिए वाहेगुरु से प्रार्थना करते हैं।

### इन लोगों ने थामा भाजपा का दामन

कोर कमेटी की बैठक के बाद जाखड़ की उपस्थिति में 2022 में भोआ विधानसभा से अकाली दल (बादल) के उम्मीदवार राकेश कुमार अपने समर्थकों सहित भाजपा में शामिल हुए। पठानकोट भाजपा के जिला अध्यक्ष विजय शर्मा भी उपस्थित थे। पूर्व चेयरमैन पंजाब इन्फोटेक एसएमएस संधू, पूर्व राज्य सूचना आयुक्त पंजाब संजीव गर्ग, पूर्व चेयरमैन मार्केट कमेटी नाभा परमजीत सिंह खटरा, पूर्व अध्यक्ष सरकारी टीचर्स एसोसिएशन पटियाला और संयोजक नौजवान बचाओ फ्रंट पंजाब प्रिंसिपल हरदीप सिंह तेजा, पूर्व सदस्य पंजाब राज्य अल्पसंख्यक आयोग अध्यक्ष मुस्लिम महासभा पंजाब बहादर खान, सरपंच ग्राम पंचायत पूर्व सचिव जिला कांग्रेस कमेटी दर्शन सिंह, पूर्व चेयरमैन पंचायती राज प्रीतपाल सिंह बिशनपुरा, पूर्व अध्यक्ष पंजाब खादी ग्राम उद्योग बोर्ड सदस्य पीएसी अकाली दल पूर्व चेयरमैन मार्केट कमेटी पटियाला हरविंदर सिंह हरपालपुर, प्रदेश अध्यक्ष सुनील जाखड़ और सांसद परनीत कौर की मौजूदगी में बीजेपी में शामिल हुए। अध्यक्ष गोविंद विहार आरडब्ल्यूए बलटाना जीरकपुर और पूर्व फर्नीचर मार्केट बलटाना के अध्यक्ष परवीन मित्तल आदि शामिल हैं।

### एन.आई.ए. कोर्ट ने देशद्रोह के आरोप में सुनाई सजा

# आतंकी खानपुरिया सहित 4 को उम्रकैद

एनआईए कोर्ट ने देशद्रोह में आतंकी खानपुरिया सहित चार को उम्रकैद की सजा सुनाई है। जगदेव सिंह, रविंदरपाल सिंह मेहना व हरचरन सिंह को भी उम्रकैद की सजा सुनाई गई है। यह चारों देशद्रोह, आपराधिक साजिश और गैर कानूनी गतिविधियों में शामिल थे...

**मोहाली। स्टिंग आप्रेशन ब्यूरो**

पंजाब के मोहाली में राष्ट्रीय जांच एजेंसी (एनआईए) की एक विशेष अदालत ने प्रतिबंधित आतंकी संगठन बब्बर खालसा इंटरनैशनल (बीकेआई) के आतंकी कुलविन्द्रजीत सिंह खानपुरिया व उसके तीन साथियों जगदेव सिंह, रविंदरपाल सिंह मेहना व हरचरन सिंह दिल्ली को उम्रकैद की सजा सुनाई है। चारों आरोपियों पर देशद्रोह, आपराधिक साजिश रचने और गैर कानूनी गतिविधियों में संलिप्त होने के आरोप थे। एनआईए कोर्ट ने इन चारों को बुधवार को दोषी करार दिया था और गुरुवार को सजा सुनाई। चारों आरोपियों को वीडियो कॉन्फ्रैंसिंग के माध्यम से अदालत में पेश किया गया। दोषी कुलविंदरजीत सिंह खानपुरिया पर 2019 में एनआईए ने मामला दर्ज किया था। उसे भारतीय अधिकारियों ने 21 नवंबर 2022 को बैंकॉक से उतरने के बाद दिल्ली के इंदिरा गांधी अंतराष्ट्रीय हवाई अड्डे से गिरफ्तार किया था। गिरफ्तार आतंकवादी पंजाब में लक्षित हत्याओं को अंजाम देने की साजिश सहित कई आतंकवादी मामलों में शामिल और वांछित था। वह नब्बे के दशक में कनॉट प्लेस नई दिल्ली में एक बम विस्फोट मामले और अन्य राज्यों में ग्रेनेड हमलों में भी शामिल था।

### आतंकी हमलों का मास्टरमाइंड भी था खानपुरिया

जांच से पता चला था कि डेरा सच्चा सौदा से जुड़े प्रतिष्ठानों और पंजाब में पुलिस और सुरक्षा से जुड़े लोगों को निशाना बनाकर भारत में आतंकवादी हमलों को अंजाम देने की साजिश के पीछे खानपुरिया मुख्य साजिशकर्ता और मास्टरमाइंड था। इसके अलावा खानपुरिया पंजाब और पूरे देश में आतंक पैदा करने के समग्र उद्देश्य से भाखड़ा ब्यास प्रबंधन बोर्ड, चंडीगढ़ के वरिष्ठ अधिकारियों को भी निशाना बना रहा था।



सीरिया के कई ठिकानों पर भयंकर एयरस्ट्राइक

# इजरायल ने सीरिया के अलेप्पो में किया भीषण हवाई हमला, कई लोगों की मौत

**बेरुत। स्टिंग आप्रेशन ब्यूरो**

सीरिया में इजरायली सेना ने भीषण हवाई हमला किया है। सीरिया के अनुसार उसेक उत्तरी शहर अलेप्पो के पास शुक्रवार तड़के हुए इजरायली हवाई हमलों में कई लोग मारे गए और घायल हो गए। साथ ही संपत्तियों को बहुत नुकसान हुआ है। सीरिया के सरकारी मीडिया ने एक सैन्य अधिकारी के हवाले से कहा कि अलेप्पो और उसके उपनगरों में नागरिक ठिकानों पर इजरायली हमले तथा सीरियाई विद्रोही समूहों द्वारा ड्रोन हमले किए गए। इसने हताहतों की सही संख्या नहीं बताई। ब्रिटेन स्थित युद्ध निगरानीकर्ता 'सीरियन ऑब्जर्वेटरी फॉर ह्यूमन राइट्स' ने कहा कि इजरायली हमलों में अलेप्पो अंतरराष्ट्रीय हवाई अड्डे के पास अलेप्पो के दक्षिणी उपनगर जिबरीन में लेबनान के आतंकवादी हिजबुल्ला समूह के मिसाइल डिपो को निशाना बनाया गया। इसमें कहा गया है कि हमलों में दर्जनों सैनिक मारे गए या घायल हो गए। ऑब्ज़र्वेटरी ने कहा कि हमलों के दो घंटे बाद भी विस्फोटों की आवाज़ सुनी गई। हमलों पर इज़राइली अधिकारियों की ओर से तत्काल कोई बयान नहीं आया। इज़रायल अक्सर सीरिया में ईरान से जुड़े ठिकानों पर हमले करता रहता है लेकिन शायद ही कभी उन्हें स्वीकार करता है। बृहस्पतिवार को, सीरिया के सरकारी मीडिया ने राजधानी दमिश्क के पास हवाई हमले की खबर देते हुए कहा कि इसमें दो नागरिक घायल हो गए।

## दक्षिण अफ्रीका में बस पुल से खाई में गिरी, 45 लोगों की मौत; सिर्फ एक बच्ची की बची जान

**केपटाऊन । स्टिंग आप्रेशन ब्यूरो**

दक्षिण अफ्रीका में ईस्टर सेलिब्रेशन के लिए लोगों को लेकर जा रही बस एक पहाड़ी दर्रे पर बने पुल से नीचे गिर गई। पुल से गिरने के बाद बस में आग लग गई जिसके चलते कम से कम 45 लोगों की दर्दनाक मौत हो गई। रिपोर्ट्स के मुताबिक, यह बस पड़ोसी देश बोत्सवाना से मोरिया शहर जा रही थी। देश के उत्तरी लिम्पोपो प्रांत के प्राधिकारियों ने बताया कि हादसे में केवल 8 साल की एक बच्चा जीवित बची है जिसका इलाज किया जा रहा है। उन्होंने बताया कि बच्ची को भी हालांकि गंभीर चोटें आई हैं। लिम्पोपो प्रांतीय सरकार ने बताया कि बस ममातलकाला पुल से 164 फुट नीचे खाई में गिर गई जिसके बाद उसमें आग लग गई। प्रांतीय सरकार ने बताया कि तलाश अभियान जारी है लेकिन कई शव इतनी बुरी तरह जल गए हैं कि उनकी पहचान कर पाना मुश्किल हो गया है और वे अभी बस में ही फंसे हैं। प्राधिकारियों ने बताया कि उनका मानना है कि बस पड़ोसी देश बोत्सवाना से मोरिया शहर जा रही थी जो मशहूर ईस्टर तीर्थस्थल है। उनके मुताबिक ऐसा लगता है कि बस के ड्राइवर ने वाहन पर से नियंत्रण खो दिया और उसकी भी मौत हो गई।

## जम्मू-श्रीनगर राष्ट्रीय राजमार्ग पर 300 फीट गहरी खाई में गिरी एस.यू.वी. कार, 10 लोगों की मौत

**जम्मू-कश्मीर। स्टिंग आप्रेशन ब्यूरो**

जम्मू संभाग के जिले रामबन में शुक्रवार को एक एसयूवी फिसलकर खाई में जा गिरी। इस हादसे में दस लोगों की मौत हो गई। अधिकारियों ने बताया कि वाहन श्रीनगर से जम्मू की ओर आ रहा था। देर रात करीब सवा एक बजे जिले के बैटरी चश्मा इलाके में एसयूवी 300 फुट गहरी खाई में गिर गई। अधिकारियों ने बताया कि दस लोगों की मौत हो गई है। पुलिस और राज्य आपदा प्रतिक्रिया बल के जवान मौके पर हैं। भारी बारिश के बीच 10 यात्रियों के शव देखे गए हैं। उन्होंने बताया कि मृतकों में कार चालक जम्मू के अंब घरोटा के बलवान सिंह (47) और बिहार के पश्चिमी चंपारण के विपीन मुखिया भैरगंग शामिल हैं। अधिकारियों ने बताया कि बचाव अभियान चल रहा है। देश की राष्ट्रपति द्रौपदी मुर्मू ने हादसे पर दुख प्रकट किया है। राष्ट्रपति ने कहा कि जम्मू-श्रीनगर राष्ट्रीय राजमार्ग पर रामबन क्षेत्र में एक गाड़ी के खाई में गिरने से अनेक लोगों के हताहत होने का समाचार बहुत दुखद है। मैं शोक संतप्त परिवारजनों के प्रति अपनी संवेदनाएं व्यक्त करती हूं। उपराज्यपाल मनोज सिन्हा ने रामबन सड़क हादसे में लोगों की मौत पर शोक व्यक्त किया। एक शोक संदेश में उपराज्यपाल ने कहा कि आज रामबन में हुई दुर्भाग्यपूर्ण सड़क दुर्घटना के बारे में जानकर मुझे गहरा दुख लगा, जिसमें बहुमूल्य जानें चली गईं। मैं शोक संतप्त परिवारों के प्रति अपनी हार्दिक संवेदना व्यक्त करता हूं। मैंने जिला प्रशासन और संभागीय आयुक्त को पीड़ितों के परिजनों को सभी सहायता प्रदान करने के निर्देश जारी किए हैं। केंद्रीय मंत्री डा. जितेंद्र सिंह ने कहा कि उन्होंने हादसे की जानकारी मिलते ही डीसी रामबन बसीर-उल-हक से बात की। पुलिस, एस.डी.आर.एफ. और सिविल क्यूआरटी मौके पर पहुंच गई है। रैस्क्यू ऑप्रेशन जारी है। वह लगातार प्रशासनिक अधिकारियों के संपर्क में हैं। शोक संतप्त परिवारों के प्रति हार्दिक संवेदना जताई।

स्टिंग आप्रेशन
e-mail : stingnews24@gmail.com
www.stingoperation.us
जालन्धर, शनिवार, 30 मार्च 2024







### नैशनल डोप टैस्टिंग लैबोरेटरी के डायरैक्टर एवं सी.ई.ओ. डा. पी.एल. साहू ने किया खुलासा

# देश में चार डोप टैस्ट लैबोरेटरी खोलने की तैयारी

## सी.सी.एस.यू. के चरक स्कूल ऑफ फार्मैसी विभाग द्वारा अटल सभागार में अंतर्राष्ट्रीय संगोष्ठी आयोजित, मुख्यातिथियों द्वारा पुस्तक का विमोचन किया गया

स्टिंग आप्रेशन की विशेष रिपोर्ट



Rakesh Bhateja
Assistant Editor
Daily Sting Operation
98722-53436

Sting Operation NEWSPAPER & WEB CHANNEL
Contact 90416-59160
Exclusive

नैशनल डोप टैस्टिंग लैबोरेटरी के डायरैक्टर एवं सी.ई.ओ. डा. पी.एल. साहू ने कहा है कि देश में 4 डोप टैस्ट लैब खोलने की योजना है। अभी देश में डोप टैस्टिंग की एक लैब है और विश्व के 200 देशों में 30 लैब, इसमें यूरोप में अकेले 17 लैब हैं। देश में ऐसी लैब बढ़ने से खिलाड़ियों में डोपिंग टैस्ट के परिणाम जल्द आएंगे। डोप टैस्ट में यूरीन के अंदर 600 सबस्टैंस देखने पड़ते हैं। अंतर्राष्ट्रीय स्तर पर एनाबॉलिक स्टेरॉयड का ज्यादा इस्तेमाल हो रहा है जबकि स्टेरॉयड पर प्रतिबंध है, फिर भी बेधड़क इसका प्रयोग हो रहा है जबकि खिलाड़ियों को सतर्क रहना होगा। मुख्यातिथि के रूप में डा. साहू सी.सी.एस.यू. के चरक स्कूल ऑफ फार्मैसी विभाग द्वारा अटल सभागार में आयोजित अंतर्राष्ट्रीय संगोष्ठी में यह बात कही। संगोष्ठी सिन-रजाइजिंग इंडस्ट्री अकादमिक कोलेबोरेशन टू प्रमोट फार्मा रिसर्च एंड डिवैल्पमैंट विषय पर हुई। डा. साहू ने कहा कि फार्मैसी का स्पोर्ट्स में भी बड़ा योगदान है, इसमें इंजीनियरिंग और कैमिस्ट्री का भी महत्व है। फार्मैंसी का मतलब दवा कम्पनी में नौकरी या एम.आर. (मैडीकल रिप्रैजेंटेटिव) तक नहीं है, इसका दायरा काफी बड़ा है। स्पोर्ट्स के क्षेत्र में फार्मैसी का बड़ा रोल है।

### इंसान के शरीर में सबसे गंदा यूरीन होता है

डा. साहू ने बताया कि इंसान के शरीर में सबसे गंदा यूरीन होता है। डोप टैस्ट में इसके अंदर 600 सबस्टैंस देखने पड़ते हैं। आज देश की लैब में अत्याधुनिक उपकरण हैं, जिससे काम काफी सहज होता है। एक एथलीट का करियर अधिकतम 40 वर्ष की आयु तक होता है। एथलीट के लिए काफी मुश्किल भी होता है क्योंकि वह कहीं पर भी खा नहीं सकते हैं। खाने के साथ भी ऐसा कुछ होता है जो डोप टैस्ट में पकड़े जाने पर प्रतिबंधित हो सकता है।

### संगोष्ठी को इन्होंने भी किया सम्बोधित

प्रो. विभु साहनी डीन फैकल्टी ऑफ फार्मा ने कहा कि फार्मैसी का क्षेत्र काफी बड़ा है, इसलिए विद्यार्थियों को गंभीरता से अध्ययन करना चाहिए। नई शिक्षा नीति के तहत विद्यार्थी पढ़ाई के साथ-साथ रोजगारपरक शिक्षा पा सकेंगे। प्रो. इंचार्ज प्रो. शैलेंद्र शर्मा ने कहा कि सी.सी.एस.यू. में कुलपति के प्रयास से फार्मैसी विभाग संचालित हो रहा है। अंत में चरक स्कूल ऑफ फार्मैसी की प्राचार्य डा. वैशाली ने उपस्थित अतिथियों का विशेष रूप से आभार व्यक्त किया तथा इसके उपरांत मुख्यातिथियों द्वारा पुस्तक का विमोचन किया गया।

# अमरूद बाग घोटाले के मामले में ई.डी. की कार्रवाई, 3.89 करोड़ रुपए से अधिक नकदी जब्त की

**चंडीगढ़। स्टिंग आप्रेशन ब्यूरो**

प्रवर्तन निदेशालय ने गुरुवार को मनी लॉन्ड्रिंग मामले में (कथित अमरूद बाग मुआवजा घोटाले) पंजाब में दो आईएएस अधिकारियों सहित कई परिसरों में छापे के दौरान 3.89 करोड़ रुपये नकद और आपत्तिजनक दस्तावेज जब्त किए हैं। हालांकि, केंद्रीय एजेंसी ने यह स्पष्ट नहीं किया कि कहां से क्या बरामद किया गया। तलाशी बुधवार को शुरू की गई और फिरोजपुर, मोहाली (एसएएस नगर), बठिंडा, बरनाला, पटियाला और चंडीगढ़ में कुल 26 आवासीय और व्यावसायिक परिसरों पर छापे डाले गए। राजस्व और बागवानी विभाग के कुछ अधिकारियों और निजी व्यक्तियों के अलावा दो आईएएस अधिकारियों - पंजाब के उत्पाद शुल्क आयुक्त वरुण रूजम और फिरोजपुर के उपायुक्त राजेश धीमान के परिसरों की भी तलाशी ली गई। मनी लॉन्ड्रिंग का मामला कथित मुख्य आरोपी भूपिंदर सिंह, जैस्मीन कौर और अन्य के खिलाफ पंजाब सतर्कता ब्यूरो की एक एफआईआर से प्रकाश में आया है। इडी ने कहा कि तलाशी के दौरान आपत्तिजनक सबूत, संपत्ति के दस्तावेज, मोबाइल फोन और 3.89 करोड़ रुपये की नकदी जब्त की गई है। मामला 2016 का है जब ग्रेटर मोहाली एरिया डेवलपमेंट अथॉरिटी (जीएमएडीए) ने आईटी सिटी के पास एयरोट्रोपोलिस आवासीय परियोजना और उसी जिले में एक एयरोसिटी स्थापित करने के लिए एसएएस नगर (मोहाली) के विभिन्न गांवों की भूमि अधिग्रहण की प्रक्रिया शुरू की थी।

पत्रकारिता का जज़्बा दफन न होने दो
हमारे साथ सम्पर्क करें
'स्टिंग अप्रेशन' समाचार पत्र
'स्टिंग अप्रेशन' वैब टी.वी.



हर गांव, कस्बे, शहर एवं स्टेट से शिक्षित, मेहनती लड़के-लड़कियां पत्रकारिता के लिए सम्पर्क करें
Mob. : 90416-59160, 94177-17088
E-mail : stingnews24@gmail.com
www.stingoperation.us



### जेल में बंद माफिया बाहुबली

# मुख्तार अंसारी की हार्ट अटैक से मौत, कई जिलों में बढ़ाई गई सुरक्षा

**स्टिंग आप्रेशन की विशेष रिपोर्ट**

सजायाफ्ता बाहुबली पूर्व विधायक मुख्तार अंसारी का निधन हो गया है। सूत्रों के अनुसार जेल में हार्ट अटैक आने के बाद उसे अस्पताल ले जाया गया जहां उसकी मौत हो गई। मुख्तार अंसारी की मौत के बाद बांदा मैडीकल कॉलेज परिसर के आसपास सुरक्षा व्यवस्था बढ़ा दी गई है. जानकारी के अनुसार बेहद गंभीर हालत में उसे अस्पताल लाया गया था। अस्पताल की तरफ से जारी बयान में कहा गया है कि मुख्तार अंसारी को बेहोशी की हालत में लाया गया था। जहां उसे 9 डॉक्टरों की टीम के द्वारा चिकित्सा उपलब्ध करवायी गई लेकिन ईलाज के दौरान मुख्तार अंसारी की मौत हो गई। मुख्तार अंसारी की मौत के बाद सीएम योगी आदित्यनाथ ने आपात बैठक बुलाई है।सीएम योगी आदित्यनाथ ने अधिकारियों को निर्देश दिया है कि किसी भी हालत में राज्य में कानून व्यवस्था में कोई तरह की दिक्कत नहीं हो। लॉ एंड आर्डर को लेकर राज्य के कई हिस्सों में प्रशासन को अलर्ट किया गया है।

**मुख्तार अंसारी पर दर्ज थे कई मामले, कुछ में हो चुकी थी सजा**

2006 में कृष्णानंद राय की हत्या के एक प्रमुख गवाह शशिकांत की संदिग्ध हालत में मौत हो गई। 2004 में डीएसपी शैलेंद्र सिंह ने मुख्तार अंसारी के ठिकाने से लाइट मशीन गन बरामद की थी। उनके खिलाफ पोटा के तहत केस दर्ज किया गया था। 2012 में संगठित गैंग चलाने के चलते अंसारी प मकोका के तहत केस दर्ज किया गया. अप्रैल 2023 में बीजेपी कृष्णानंद राय की हत्या के आरोप में उन्हें 10 साल सजा हुई। 13 मार्च 2024 को एक आर्म्स लाइसेंस केस में अंसारी को उम्रकैद की सजा हुई थी।

# छात्रवृत्ति घोटाले में सीबीआई जांच पूरी, 20 संस्थानों और 105 लोगों के खिलाफ चार्जशीट दायर

**शिमला। स्टिंग आपेशन ब्यूरो**

सीबीआई ने हिमाचल प्रदेश छात्रवृत्ति घोटाला मामले में जांच पूरी कर ली है। सीबीआई ने 20 संस्थानों व 105 व्यक्तियों के खिलाफ आरोप पत्र दायर किए हैं। इसमें इन संस्थानों के मालिक और प्रदेश उच्च शिक्षा विभाग के कर्मचारी, बैंक कर्मी व अन्य लोग शामिल हैं। जांच के दौरान 19 लोगों और उच्च शिक्षा निदेशालय शिमला के कर्मचारियों, शैक्षणिक संस्थानों के चेयरमैन, वाइस चेयरमैन व निदेशकों/कर्मचारियों के साथ बैंक कर्मियों को गिरफ्तार किया। सीबीआई ने वर्ष 2013 से 2017 के दौरान हिमाचल में कथित करीब 181 करोड़ रुपये की छात्रवृत्ति के फर्जी व कपटपूर्ण दावा करने वाले निजी शैक्षणिक संस्थानों के खिलाफ राज्य सरकार के अनुरोध पर वर्ष 2019 में मामला दर्ज किया। इसके बाद हिमाचल प्रदेश उच्च न्यायालय ने भी तत्काल मामले की जांच व निगरानी की। तदनुसार समय-समय पर स्थिति संबंधी रिपोर्ट दायर की गई। यह मामला केंद्र सरकार की ओर से एससी,एसटी,ओबीसी श्रेणियों के विद्यार्थियों की मदद के लिए शुरू की गई छात्रवृत्ति योजना के कथित दुरुपयोग से संबंधित था। छात्रवृत्ति योजना को राज्य सरकार के माध्यम से कार्यान्वित किया गया है।

# पुलिस से मुठभेड़ में गैंगस्टर चिंटू घायल, तीन साथियों के साथ गिरफ्तार, आधुनिक हथियार बरामद

**जालन्धर। स्टिंग आप्रेशन ब्यूरो**

जालंधर के आबादपुरा में गुरुवार देर रात सीआईए स्टाफ पुलिस की गैंगस्टर चिंटू और उसके साथियों के साथ मुठभेड़ हो गई। इसमें एक गैंगस्टर के पैर को गोली छूकर निकल गई। मुठभेड़ में दोनों तरफ से करीब 12 गोलियां चलाई गई। पूरी घटना का सीसीटीवी भी सामने आया है जिसमें आरोपी पुलिस पार्टी को देखकर गोली चलाते नजर आ रहे हैं। पुलिस ने चार आरोपियों को गिरफ्तार कर केस दर्ज कर लिया है। आरोपियों से अत्याधुनिक हथियार भी बरामद किए गए हैं। चारों के खिलाफ सिटी के थाना डिवीजन नंबर-6 (मॉडल टाउन थाना) में एक अलग मामला दर्ज करवाया गया है। सूत्रों की माने तो पुलिस के पहुंचने की भनक आरोपियों को लग गई थी। आरोपी एक घर में छिपे थे। पुलिस के आने की सूचना पर दो आरोपियों ने पहली मंजिल से छलांग लगा दी और फरार होने की कोशिश की। पुलिस ने उन्हें पकड़ लिया। इसके बाद पुलिस गैंगस्टर चिंटू और उसके दूसरे साथी को पकड़ने के लिए ऊपर गई। जिन्होंने पुलिस पर फायरिंग कर दी। जवाबी कार्रवाई में चलाई गई गोली गैंगस्टर चिंटू के पैर को गोली छूकर निकल गई। क्राइम सीन के कुछ वीडियो फोटो सामने आए हैं। जिसमें गैंगस्टरों को पुलिस पकड़ कर नीचे उतार रही है। गैंगस्टर चिंटू के खिलाफ पहले भी जालंधर सिटी और देहात में कई मामला दर्ज हैं।




स्टिंग आप्रेशन
e-mail : stingnews24@gmail.com
www.stingoperation.us
जालन्धर, शनिवार, 30 मार्च 2024


## लोकसभा चुनाव :नामाकंन पत्र में हुआ खुलासा

# केंद्रीय मंत्री नितिन गडकरी हैं 1.66 करोड़ रुपए के कर्जई



**केंद्रीय सड़क परिवहन एवं राज्य मंत्री नितिन गडकरी ने नागपुर लोकसभा सीट के लिए अपना नामांकन दाखिल कर दिया है। उन्होंने हलफनामे में बताया है कि 1.66 करोड़ रुपए का कर्ज विभिन्न बैंक व वित्तीय संस्थानों से लिया है...**

**स्टिंग आप्रेशन की विशेष रिपोर्ट**



Rakesh Bhateja
Assistant Editor
Daily Sting Operation
98722-53436

Sting Operation
NEWSPAPER & WEB CHANNEL
Contact 90416-59160
Exclusive

लोकसभा चुनाव 2024 का आगाज हो चुका है। सभी दल अपने-अपने प्रत्याशियों का ऐलान कर रहे हैं और नामांकन दाखिल करवा रहे हैं। इसी क्रम में केंद्रीय मंत्री और नागपुर लोकसभा सीट से भाजपा प्रत्याशी नितिन गडकरी ने भी अपना नामांकन दाखिल किया है। नितिन गडकरी ने अपने हलफनामे में अपनी पूरी संपत्ति का ब्योरा दिया है जिसमें उनकी चल-अचल संपत्ति, कर्ज, वाहन आदि सभी की जानकारी है। आइए जानते हैं कि नितिन गडकरी की कुल संपत्ति कितनी है....

केंद्रीय सड़क परिवहन एवं राज्य मंत्री नितिन गडकरी ने नागपुर लोकसभा सीट के लिए अपना नामांकन दाखिल कर दिया है। इसमें उन्होंने बताया है कि वर्ष 2022-23 के दौरान उन्हें 13.84 लाख रुपए का रिटर्न दाखिल किया है। पिछले 5 वर्ष के दिए आंकड़ों से पता चलता है कि गडकरी की कमाई 11.63 लाख से 13.84 लाख रुपए के बीच हो रही है। एफिडेविट के अनुसार, नितिन गडकरी ने 1.66 करोड़ रुपए का कर्ज विभिन्न बैंक व वित्तीय संस्थानों से लिया है। उनकी पत्नी के नाम 38 लाख रुपए का कर्ज है। साल 2019 से 2024 तक गडकरी और उनकी पत्नी के नाम कोई नई अचल संपत्ति की खरीदी नहीं हुई है। साल 2019 में उनके पास 8 करोड़ 65 लाख कीमत की अचल संपत्ति थी। अब इसका मूल्य बढ़कर 12 करोड़ 94 लाख रुपए हो गया है।

## म्युचुअल फंड, बांड और शेयरों में भी निवेश

**गडकरी ने बताया है कि उनके पास 1.32** करोड़ की अचल संपत्ति है, जबकि कंचन गडकरी के नाम 1.24 करोड़ रुपए की अचल संपत्ति है। अचल संपत्ति की कुल लागत 52 लाख रुपए है, जबकि पत्नी के नाम पर 4.40 लख रुपए की चल संपत्ति है। हलफनामे में उनकी आय के स्रोत खेती, किराया और वेतन आदर्श बताए गए हैं। उन्होंने बचत योजना, म्युचुअल फंड, बांड और शेयरों में 3 लाख 55 हजार 510 रुपये का निवेश किया है। गडकरी को साल 2019 से 2024 तक 5 वर्ष में 7 मानद उपाधियां प्राप्त की गई हैं। इसमें 4 डिलीट, 1 पीएचडी और दो डीएससी की उपाधि शामिल है। उनके पास बीकॉम और एलएलबी की डिग्री भी है।

## केंद्रीय मंत्री नीतिन गडकरी के पास कितनी है नकदी?

**गडकरी के पास 12,300 रुपये नगद हैं,** जबकि उनकी पत्नी के पास 14,750 नगद राशि बताई गई है। उनके पास विभिन्न बैंकों में विभिन्न रूप से 49 लाख रुपए जमा है व पत्नी के नाम पर 16 लाख रुपए जमा है। गडकरी ने व्यापार में 1.99 लाख रुपए का निवेश किया है जबकि पत्नी ने 30 लाख का। गडकरी के नाम पर 29 लाख रुपए के वाहन हैं। गडकरी के पास अचल संपत्ति में 1 करोड़ 57 लाख 41 हजार रुपए कीमत की धापेवाडा में 15 एकड़ कृषि जमीन है। उनके पास धापेवाडा में 1 करोड़ 28 लाख रुपए कीमत का पैतृक घर भी है।



मंडी में चुनाव प्रचार करने पहुंची कंगना रनौत

# बोलीं- मैं आपकी बेटी हूं, हीरोईन और स्टार नहीं

**स्टिंग आप्रेशन की विशेष रिपोर्ट**

लोकसभा चुनाव के मद्देनजर भारतीय जनता पार्टी ने अभिनेत्री कंगना रनौत को मंडी से उम्मीदवार बनाया है। इस बीच कंगना रनौत चुनाव प्रचार करने के लिए मंडी पहुंची। यहां उन्होंने एक रोड शो किया और इस दौरान कहा कि ये मत सोचिए कि मैं हिरोईन हूं या कोई स्टार हूं। कंगना को अपनी बेटी, बहन और परिवार मानिए। बता दें कि मंडी लोकसभा सीट से भाजपा द्वारा टिकट दिए जाने के बाद कंगना रनौत ने पीएम नरेंद्र मोदी, अमित शाह और जेपी नड्डा को आभार व्यक्त करते हुए कहा था कि मुझे मेरी मिट्टी ने बुलाया है और मुझे मेरी मिट्टी की सेवा करने का मौका मिल रहा है, इसके लिए आभार।

**कंगना रनौत और सुप्रिया श्रीनेत के बीच बवाल**

बता दें कि अभिनेत्री को लोकसभा चुनाव के लिए टिकट मिलने के बाद बीते दिनों वो दिल्ली स्थिति भाजपा के राष्ट्रीय अध्यक्ष जेपी नड्डा के कार्यालय पहुंची। यहां उन्होंने जेपी नड्डा से करीब 1 घंटे तक बातचीत की और मुलाकात की। कंगना रनौत ने मंडी सीट से पार्टी का टिकट दिए जाने पर पार्टी अध्यक्ष का आभार व्यक्त किया। बता दें कि इन दिनों कंगना रनौत और कांग्रेस प्रवक्ता सुप्रिया श्रीनेत के मामले पर बवाल मचा हुआ है। बीते दिनों सुप्रिया श्रीनेत की सोशल मीडिया आईडी से कंगना रनौत को लेकर एक विवादित पोस्ट शेयर किया गया था।

**सुप्रिया श्रीनेत ने दी सफाई**

जैसे ही इस मामले ने तूल पकड़ा तो सुप्रिया श्रीनेत की फेसबुक आईडी से उस पोस्ट को हटा दिया गया। इसके बाद सुप्रिया श्रीनेत ने अपना बयान जारी करते हुए कहा कि उनकी फेसबुक आईडी कई लोगों के पास है। उनमें से किसी के द्वारा इस तरह का भद्दा पोस्ट शेयर किया गया। उन्होंने कहा कि जो लोग मुझे जानते हैं वो ये जानते हैं कि किसी भी महिला को लेकर इस तरह की भद्दी पोस्ट मैं शेयर नहीं कर सकती हूं। इस मामले में जांच की जा रही है कि किसके द्वारा इस तरह से भद्दे पोस्ट के शेयर किया। उन्होंने कहा कि ट्विटर पर मेरे पैरोडी नाम से चल रहे फर्जी अकाउंट के खिलाफ भी शिकायत की गई है।

## बिहार में हो गया महागठबंधन में सीटों का बंटवारा

# आर.जे.डी. ने कांग्रेस को दीं सिर्फ 9 सीटें, पूर्णिया भी हाथ से गया

**पटना। स्टिंग आप्रेशन ब्यूरो**

लोकसभा चुनाव के मद्देनजर बिहार में सीटों के बंटवारे को लेकर इंडी गठबंधन में फॉर्मूला तय हो गया है। बिहार में आरजेडी कांग्रेस को 8 सीटें देना चाहती थी, लेकिन अब समझौते के तहत कांग्रेस के खाते में 9 सीटें गई हैं। वहीं राजद 26 सीटों पर चुनाव लड़ेगी। वही अन्य दलों की अगर बात करें तो सीपीआईएमएल 3, सीपीआई 1 और सीपीएम 1 सीट पर लोकसभा चुनाव लड़ने वाली है। इस समझौते के तहत कन्हैया कुमार और पप्पू यादव के हाथ केवल मायूसी ही लगी है। चलिए आपको बताते हैं कि बिहार की किस सीट से कौन सी पार्टी चुनाव लड़ने जा रही है। राष्ट्रीय जनता दल के नेता अब्दुल बारी सिद्दीकी ने प्रेस कॉन्फ्रेंस में महागठबंधन में सीट शेयरिंग फॉर्मूला के बारे में जानकारी दी। उन्होंने बताया कि सीपीआई को बेगूसराय सीट दी गई है, जबकि सीपीएम को खगड़िया सीट मिली है।

वहीं, भाकपा-माले को आरा, काराकाट और नालंदा की सीटें दी गई हैं। सिद्दीकी ने बताया कि कांग्रेस किशनगंज, कटिहार, भागलपुर, मुजफ्फरपुर, पश्चिमी चंपारण, पटना साहिब, सासाराम, महाराजगंज और समस्तीपुर की सीटों पर चुनाव लड़ेगी। राष्ट्रीय जनता दल के खाते में गया, नवादा, जहानाबाद, औरंगाबाद, बक्सर, पाटलिपुत्र, मुंगेर, जमुई, बांका, बाल्मीकि नगर, पूर्वी चंपारण, शिवहर, सीतामढ़ी, वैशाली, सारण सिवान, गोपालगंज, उजियारपुर, दरभंगा, मधुबनी, झंझारपुर, सुपौल, मधेपुरा, पूर्णिया, अररिया और हाजीपुर की सीटें आई हैं।

## हिमाचल प्रदेश विधानसभा उपचुनाव : स्वागत और विरोध के बीच

# भाजपा ने उपचुनाव के मैदान में उतारे 'नए चेहरे'

**स्टिंग आप्रेशन की विशेष रिपोर्ट**



राजिन्द्र राणा
सुजानपुर



सुधीर शर्मा
धर्मशाला



इंद्रदत्त लखनपाल
बड़सर



रवि ठाकुर
लाहौल-स्पीती



देवेन्द्र भुट्टो
कुटलैहड़



चैतन्य शर्मा
गगरेट



के.एल. ठाकुर
नालागढ़



आशीष शर्मा
हमीरपुर



होशियार सिंह
देहरा

हिमाचल प्रदेश में उपचुनाव के लिए बिछी बिसात में कुटलैहड़ और देहरा के बाद भाजपा ने छह और विस हलकों में नए चेहरे मैदान में उतार दिए हैं। विरोध और स्वागत के बीच धर्मशाला, हमीरपुर, ऊना और सोलन में हुए इन कार्यक्रमों के जरिये पार्टी नेतृत्व ने एकजुटता के साथ ऑल इज वैल का संदेश देने की कोशिश की। हालांकि, धर्मशाला में सांसद किशन कपूर तो ऊना में पूर्व मंत्री वीरेंद्र कंवर ने स्वागत कार्यक्रमों से किनारा किया। गगरेट में पूर्व प्रत्याशी राजेश ठाकुर को छोड़कर अन्य पांच हलकों में हुए कार्यक्रमों से भाजपा के 2022 के प्रत्याशियों ने दूरी बनाए रखी। राज्यसभा चुनाव के घटनाक्रम के करीब एक महीने बाद पांच बागी और एक निर्दलीय विधायक भगवा चोला ओढ़कर पहली बार अपने हलकों में पहुंचे। कुटलैहड़ में देवेंद्र भुट्टो और देहरा में होशियार सिंह के स्वागत के बाद अपने चुनावी क्षेत्रों में लौटे अन्य बागियों व निर्दलीयों के स्वागत में कार्यक्रम हुए। पूर्व सीएम जयराम ऊना में तो प्रदेश अध्यक्ष डॉ. बिंदल पहले हमीरपुर फिर धर्मशाला में सक्रिय रहे। पार्टी के कई अन्य नेताओं की ड्यूटी लगाई गई थी। भगवा रंग में रंगे मंचों पर धर्मशाला में सुधीर शर्मा, सुजानपुर में राजेंद्र राणा, हमीरपुर में आशीष शर्मा व बड़सर में इंद्रदत्त लखनपाल, ऊना के गगरेट में चैतन्य शर्मा और सोलन के नालागढ़ में केएल ठाकुर का पार्टी नेताओं व पदाधिकारियों ने गर्मजोशी से स्वागत किया। धर्मशाला के मंच पर भाजपा के लोकसभा प्रत्याशी डॉ. राजीव भारद्वाज समेत संसदीय क्षेत्र के विधायक भी मौजूद रहे। कार्यक्रमों में संगठन पदाधिकारियों की ठीक-ठाक भागीदारी रही। इक्का-दुक्का को छोड़कर संगठन के अधिकांश चेहरे अपने क्षेत्रों में कार्यक्रमों मौजूद रहे। हालांकि, बागियों के स्वागत की गहमागहमी के बीच सांसद किशन कपूर धर्मशाला में होकर भी दूर रहे।

धर्मशाला से ही पूर्व प्रत्याशी राकेश चौधरी बुधवार को ही इस्तीफा दे चुके थे। उधर, हमीरपुर के भी तीनों हलकों में पार्टी के पूर्व प्रत्याशी रहे कैप्टन रणजीत सिंह राणा, नरेंद्र ठाकुर और माया शर्मा व उनके पति पूर्व विधायक बलदेव शर्मा कार्यक्रम में शामिल नहीं हुए। नालागढ़ में पूर्व प्रत्याशी लखविंद्र राणा व उनके समर्थकों ने कार्यक्रम से किनारा किए रखा। जबकि, गगरेट में पूर्व प्रत्याशी एवं पूर्व विधायक राजेश ठाकुर चैतन्य के लिए सजे मंच पर मौजूद रहे। धर्मशाला में प्रदेश अध्यक्ष डॉ. राजीव बिंदल के साथ पूर्व विस अध्यक्ष विपिन सिंह परमार तो गगरेट में खुद पूर्व सीएम जयराम ठाकुर अन्य नेताओं के साथ मौजूद रहे। सुजानपुर में पूर्व मंत्री एवं विधायक बिक्रम ठाकुर राजेंद्र राणा, हमीरपुर में राज्यसभा सांसद डॉ सिकंदर आशीष शर्मा और बड़सर में विधायक राकेश जम्वाल इंद्रदत्त लखनपाल के साथ रहे।

छह हलकों में हुए इन स्वागत कार्यक्रमों के जरिये भाजपा ने उत्साही अंदाज में नये चेहरों को उपचुनाव के मैदान में उताकर कार्यकर्ताओं से रूबरू कराया। कार्यकर्ताओं को संदेश देने की कोशिश की कि अब पार्टी के नये चुनावी चेहरों की जीत के लिए संगठन भी कमर कस चुका है। बागी विधायकों के स्वागत कार्यक्रमों के दौरान कांग्रेस का छुटपुट विरोध ही सामने आया। गगरेट में ब्लॉक कांग्रेस और सुजानपुर में एनएसयूआई कार्यकर्ताओं ने काले झंडे दिखाकर रोष जताया।



## ਇੱਕ ਨਜ਼ਰ



### ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਮਹਾਤਮਾ ਬੁੱਧ ਦੀਆਂ ਕਿਤਾਬਾਂ ਦੇ ਸੈੱਟ ਲਾਈਬਰੇਰੀ ਨੂੰ ਭੇਂਟ ਕੀਤੇ

ਖੰਨਾ, 29 ਮਾਰਚ (ਓਮਕਾਰ ਸਿੰਘ ਸੱਤੂ )-ਡਾਕਟਰ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਸਰਪ੍ਰਸਤ ਸ੍ਰੀ ਸੋਹਣ ਲਾਲ ਸਾਂਪਲਾ ( ਜਰਮਨੀ ) ਨੇ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਮਹਾਤਮਾ ਬੁੱਧ ਦੀਆਂ ਕਿਤਾਬਾਂ ਦੇ ਸੈੱਟ ਡਾਕਟਰ ਅੰਬੇਡਕਰ ਮਿਸ਼ਨ ਸੁਸਾਇਟੀ ਖੰਨਾ ਦੀ ਲਾਈਬਰੇਰੀ ਨੂੰ ਭੇਂਟ ਕੀਤੇ । ਆਪਣੇ ਸੰਖੇਪ ਸੰਬੋਧਨ ਵਿੱਚ ਸੋਹਣ ਲਾਲ ਸਾਂਪਲਾ ਨੇ ਆਖਿਆ ਕਿ ਸਾਨੂੰ ਡਾਕਟਰ ਅੰਬੇਡਕਰ ਜੀ ਦੁਆਰਾ ਲਿਖੀਆਂ ਗਈਆਂ ਕਿਤਾਬਾਂ ਨੂੰ ਪੜਨਾ ਚਾਹੀਦਾ ਹੈ ਅਤੇ ਉਹਨਾਂ ਦੁਆਰਾ ਦਿੱਤੀਆਂ ਗਈਆਂ ਸਿੱਖਿਆਵਾਂ ਤੋਂ ਸੇਧ ਲੈ ਕੇ ਸਾਨੂੰ ਆਪਣੇ ਸਮਾਜ ਨੂੰ ਉੱਚਾ ਚੁੱਕਣ ਲਈ ਅਹਿਮ ਉਪਰਾਲੇ ਕਰਨੇ ਚਾਹੀਦੇ ਹਨ । ਉਹਨਾਂ ਅੱਗੇ ਆਖਿਆ ਕਿ ਜਦੋਂ ਤੱਕ ਅਸੀਂ ਕਿਤਾਬਾਂ ਪੜ੍ਹਨ ਦੀ ਆਦਤ ਨਹੀਂ ਪਾਵਾਂਗੇ ਤਦੋਂ ਤੱਕ ਅਸੀਂ ਆਪਣੇ ਸਮਾਜ ਦਾ ਕੁਝ ਵੀ ਸਵਾਰ ਨਹੀਂ ਸਕਦੇ ਇਸ ਲਈ ਸਾਨੂੰ ਸਿੱਖਿਅਤ ਹੋਣ ਲਈ ਸਾਡੇ ਪੈਗੰਬਰਾਂ ਦੁਆਰਾ ਲਿਖੀਆਂ ਗਈਆਂ ਕਿਤਾਬਾਂ ਜਰੂਰ ਪੜ੍ਹੀਆਂ ਚਾਹੀਦੀਆਂ ਹਨ । ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਕਰਮਜੀਤ ਸਿੰਘ ਸਿਫਤੀ , ਸਰਪ੍ਰਸਤ ਪ੍ਰਿੰਸੀਪਲ ਜਸਵੰਤ ਸਿੰਘ ਮਿੱਤਰ , ਚੇਅਰਮੈਨ ਰਾਜ ਸਿੰਘ ਸੁਹਾਵੀ , ਜਨਰਲ ਸਕੱਤਰ ਬਲਵੀਰ ਸਿੰਘ ਭੱਟੀ , ਸੀਨੀ. ਮੀਤ ਪ੍ਰਧਾਨ ਪਾਲ ਸਿੰਘ ਕੈੜੇ , ਚੀਫ ਆਰਗੇਨਾਈਜਰ ਪ੍ਰੇਮ ਸਿੰਘ ਬੰਗੜ , ਗੁਰਨਾਮ ਸਿੰਘ ਰਿਟਾ. ਸੁਪਰਡੈਂਟ , ਮੇਜਰ ਸਿੰਘ ਮਹਿਮੀ ਆਦਿ ਮੈਂਬਰ ਹਾਜ਼ਰ ਸਨ ।

### ਭਾਜਪਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਲੁਟੇਰਿਆਂ ਵਲੋਂ ਗੰਭੀਰ ਫੱਟੜ ਕੀਤੇ ਦੁਕਾਨਦਾਰ ਮਨੋਜ ਜੋਸ਼ੀ ਦਾ ਹਾਲ ਜਾਣਿਆ



ਨੂਰਪੁਰ ਬੇਦੀ, 29 ਮਾਰਚ (ਕੁਲਦੀਪ ਸੈਣੀ ਮੁਕਾਰੀ)-ਬੀਤੇ ਦਿਨੀਂ ਹਲਕਾ ਰੂਪਨਗਰ ਦੇ ਨੂਰਪੁਰ ਬੇਦੀ ਮੇਨ ਬਸ ਸਟੈਂਡ ਟੀ ਪੁਆਇੰਟ ਚੌਂਕ ਪੁਲਿਸ ਸਟੇਸ਼ਨ ਤੋਂ ਸਿਰਫ 100 ਕਦਮ ਦੀ ਦੂਰੀ ਉੱਤੇ ਦੁਕਾਨਦਾਰ ਮਨੋਜ ਜੋਸ਼ੀ 'ਤੇ ਕੁੱਝ ਲੁਟੇਰਿਆਂ ਵਲੋਂ ਹਮਲਾ ਕਰਕੇ ਗੰਭੀਰ ਜ਼ਖ਼ਮੀ ਕਰਨ ਮਗਰੋਂ ਅੱਜ ਭਾਜਪਾ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਉਨ੍ਹਾਂ ਦੀ ਸਿਹਤ ਦਾ ਹਾਲ ਜਾਣਿਆ। ਇਸ ਮੌਕੇ ਲਾਲਪੁਰਾ ਨੇ ਕਿਹਾ ਕਿ ਇਹ ਵਾਰਦਾਤ "ਆਪ" ਸਰਕਾਰ ਦੀ ਸੁਰੱਖਿਆ ਵਿਵਸਥਾ ਦੇ ਮੂੰਹ 'ਤੇ ਕਰਾਰੀ ਚਪੇੜ ਹੈ। ਮਨੋਜ ਜੋਸ਼ੀ ਨੂਰਪੁਰ ਬੇਦੀ ਵਿਖੇ ਕਨਫੈਕਸ਼ਰੀ ਦੀ ਦੁਕਾਨ ਕਰਦੇ ਹਨ, ਜਿਨ੍ਹਾਂ 'ਤੇ ਕੁੱਝ ਲੁਟੇਰਿਆਂ ਨੇ ਹਮਲਾ ਕੀਤਾ ਤੇ ਦੁੱਖ ਦੀ ਗੱਲ ਹੈ ਕਿ ਹਮਲੇ 'ਚ ਉਨ੍ਹਾਂ ਦੇ ਸਿਰ 'ਤੇ ਗੰਭੀਰ ਸੱਟ ਵੱਜੀ ਹੈ। ਹਲਾਂਕਿ ਪੁਲਿਸ ਨੇ ਕੁੱਝ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ ਪਰ ਲਾਲਪੁਰਾ ਨੇ ਸਥਾਨਕ ਵਿਧਾਇਕ ਨੂੰ ਸਵਾਲ ਕਰਦਿਆਂ ਕਿਹਾ ਕਿ ਗੁੰਡਾਗਰਦੀ, ਗੈਂਗਸਟਰਵਾਦ ਅਤੇ ਕਤਲੋਗਾਰਤ ਕਰਕੇ ਪੂਰੇ ਪੰਜਾਬ ਵਿੱਚ ਵਪਾਰੀਆਂ ਤੇ ਆਮ ਲੋਕਾਂ ਚ ਖੌਫ ਹੈ, ਆਖਰ ਇਹਨਾਂ ਦੀ ਸੁਰੱਖਿਆ ਸੁਨਿਸ਼ਚਤ ਕਰਨ ਦੀ ਜਿੰਮੇਵਾਰੀ ਕਿਸ ਦੀ ਹੈ ? ਲਾਲਪੁਰਾ ਨੇ ਕਿਹਾ ਕਿ ਪੰਜਾਬ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ ਕਿਉਂਕਿ ਸਰਕਾਰ ਨੇ ਹਾਲੇ ਤਕ ਸਿਰਫ਼ ਸ਼ੋਸ਼ੇਬਾਜ਼ੀ ਤੋਂ ਸਿਵਾਏ ਪੰਜਾਬ ਦਾ ਕੁੱਝ ਵੀ ਨਹੀਂ ਸੰਵਾਰਿਆ, ਜਿਸ ਕਰ ਕੇ ਲੋਕ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਇਸ ਸਰਕਾਰ ਨੂੰ ਸਬਕ ਸਿਖਾਉਣ ਲਈ ਉਤਾਵਲੇ ਹਨ।

### ਡਿਪਟੀ ਕਮਿਸ਼ਨਰ (ਜਿਲ੍ਹਾ ਮੈਜਿਸਟ੍ਰੇਟ) ਬਰਨਾਲਾ ਵੱਲੋਂ ਖੂਹ/ਬੋਰ ਪੁੱਟਣ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ

ਬਰਨਾਲਾ, 29 ਮਾਰਚ (ਰਾਜਿੰਦਰ ਸ਼ਰਮਾ )- ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਸ੍ਰੀਮਤੀ ਪੂਨਮਦੀਪ ਕੌਰ ਨੇ ਫੌਜਦਾਰੀ ਜ਼ਾਬਤਾ 1973 ਦੀ ਧਾਰਾ 144 ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਿਹਾ ਕਿ ਜ਼ਮੀਨ ਮਾਲਕਾਂ ਨੂੰ ਖੂਹ/ਬੋਰ ਲਗਾਉਣ ਲਈ 15 ਦਿਨ ਪਹਿਲਾਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਰਨਾਲਾ ਤੋਂ ਲਿਖ਼ਤੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ। ਖੂਹ ਬੋਰ ਲਗਾਉਣ, ਮੁਰੰਮਤ ਕਰਨ ਵਾਲੀਆਂ ਸਾਰੀਆਂ ਏਜੰਸੀਆਂ ਜਿਵੇਂ ਸਰਕਾਰੀ/ਅਰਧ-ਸਰਕਾਰੀ/ਪ੍ਰਾਈਵੇਟ ਵਗੈਰਾ, ਪੇਂਡੂ ਖੇਤਰ ਲਈ ਕਾਰਜਕਾਰੀ ਇੰਜੀਨੀਅਰ, ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ, ਸ਼ਹਿਰੀ ਖੇਤਰਾਂ ਵਿੱਚ ਕਾਰਜਕਾਰੀ ਇੰਜੀਨੀਅਰ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਕੋਲੋਂ ਰਜਿਸਟਰੇਸ਼ਨ ਕਰਵਾਉਣੀ ਜ਼ਰੂਰੀ ਹੋਵੇਗੀ ਅਤੇ ਕੋਈ ਏਜੰਸੀ ਬਿਨਾਂ ਰਜਿਸਟਰੇਸ਼ਨ/ਲਿਖਤੀ ਪ੍ਰਵਾਨਗੀ ਤੋਂ ਬਗੈਰ ਖੂਹ ਬੋਰ ਨਹੀਂ ਲਗਾਵੇਗੀ। ਉਨ੍ਹਾਂ ਕਿਹਾ ਕਿ ਖੂਹ ਬੋਰ ਲਗਾਉਣ ਵਾਲੀ ਥਾਂ ਦੇ ਨਜ਼ਦੀਕ ਸਬੰਧਤ ਮਾਲਕ ਵੱਲੋਂ ਏਜੰਸੀ ਦਾ ਪਤਾ ਅਤੇ ਆਪਣਾ ਪਤਾ ਸਾਈਨ ਬੋਰਡ 'ਤੇ ਲਿਖਵਾਉਣਾ ਜ਼ਰੂਰੀ ਹੋਵੇਗਾ ਅਤੇ ਬੋਰ ਵਾਲੀ ਥਾਂ 'ਤੇ ਕੰਡਿਆਲੀ ਤਾਰ ਜਾਂ ਕੋਈ ਬੈਰੀਕੇਡ ਲਾਉਣਾ ਜ਼ਰੂਰੀ ਹੋਵੇਗਾ। ਜੇਕਰ ਪੰਪ ਦੀ ਮੁਰੰਮਤ ਕਰਨੀ ਹੈ ਤਾਂ ਖੂਹ ਜਾਂ ਬੋਰ ਖੁੱਲ੍ਹਾ ਨਹੀ ਛੱਡਿਆ ਜਾਵੇਗਾ। ਖੂਹ/ਬੋਰ ਦਾ ਢੱਕਣ ਕੇਸਿੰਗ ਪਾਈਪ ਨਾਲ ਨਟ-ਬੋਲਟਾਂ ਨਾਲ ਫਿਕਸ ਹੋਣਾ ਚਾਹੀਦਾ ਹੈ। ਖੂਹ/ਬੋਰ ਦੀ ਉਸਾਰੀ ਤੋਂ ਬਾਅਦ ਉਸ ਦੇ ਤਲੇ 'ਤੇ ਜ਼ਮੀਨ ਦੇ ਪੱਧਰ ਤੋਂ ਉਤੇ ਥੱਲੇ ਸੀਮੈਂਟ ਅਤੇ ਕੰਕਰੀਟ ਦਾ ਨਿਸ਼ਚਿਤ ਪਲੇਟ ਫਾਰਮ ਬਣਾਇਆ ਜਾਵੇ। ਪੰਪ ਦੀ ਮੁਰੰਮਤ ਦੀ ਸੂਰਤ ਵਿੱਚ ਖੂਹ ਬੋਰ ਖੁੱਲ੍ਹਾ ਨਾ ਛੱਡਿਆ ਜਾਵੇਗਾ। ਬੋਰ ਤੋਂ ਬਾਅਦ ਟੋਆ ਮਿੱਟੀ ਨਾਲ ਚੰਗੀ ਤਰ੍ਹਾਂ ਭਰਿਆ ਜਾਵੇਗਾ। ਨਕਾਰਾ ਬੰਦ ਪਏ ਖੂਹ ਜਾਂ ਬੋਰ ਨੂੰ ਚੀਕਨੀ ਮਿੱਟੀ/ ਪੱਥਰ/ਕੰਕਰੀਟ ਵਗੈਰਾ ਨਾਲ ਤਲੇ ਤੋਂ ਲੈ ਕੇ ਉਪਰ ਤੱਕ ਚੰਗੀ ਤਰ੍ਹਾਂ ਭਰ ਕੇ ਬੰਦ ਕਰਨ ਯਕੀਨੀ ਬਣਾਇਆ ਜਾਵੇ। ਬੋਰ ਦੀ ਖੁਦਾਈ ਦਾ ਕੰਮ ਮੁਕੰਮਲ ਹੋਣ 'ਤੇ ਜ਼ਮੀਨ ਦੀ ਸਥਿਤੀ ਪਹਿਲਾ ਵਾਲੀ ਬਹਾਲ ਹੋਣੀ ਜ਼ਰੂਰੀ ਹੋਵੇਗੀ। ਉਨ੍ਹਾਂ ਕਿਹਾ ਡੀ.ਡੀ.ਪੀ.ਓ ਬਰਨਾਲਾ ਸਾਰੇ ਜ਼ਿਲ੍ਹੇ ਦੇ ਬੋਰ/ਖੂਹ ਦੀ ਸੂਚਨਾ ਸਰਪੰਚਾਂ ਕੋਲੋ ਇਕੱਤਰ ਕਰਕੇ ਆਪਣੇ ਦਫ਼ਤਰ ਵਿੱਚ ਤਿਆਰ ਰੱਖਣਗੇ। ਇਹ ਹੁਕਮ ਮਿਤੀ 26 ਮਈ 2024 ਤੱਕ ਲਾਗੂ ਰਹਿਣਗੇ।

### ਕੁਹਾੜਾ ਰੋਡ 'ਤੇ ਸਥਿਤ ਪਿੰਡ ਕੂੰਮ ਖੁਰਦ ਵਿਖੇ

## ਧਾਗਾ ਫੈਕਟਰੀ 'ਚ ਲੱਗੀ ਭਿਆਨਕ ਅੱਗ, ਭਾਰੀ ਆਰਥਿਕ ਨੁਕਸਾਨ

- ਵਿੰਨੀਗ ਇੰਡਸਟਰੀ ਦੇ ਮਾਲਕਾਂ ਨੇ ਜਾਣਕਾਰੀ ਦੇਣ ਤੋਂ ਕੀਤਾ ਇਨਕਾਰ ਕਿਹਾ ਕਿ ਸਰਵੇਅਰ ਦੱਸੇਗਾ ਕਿ ਕਿੰਨਾ ਹੋਇਆ ਨੁਕਸਾਨ • ਮੁੱਢਲੀ ਜਾਂਚ ਦੌਰਾਨ ਲੱਗ ਰਿਹਾ ਹੈ ਕਿ ਇਹ ਹਾਦਸਾ ਸ਼ਾਰਟ ਸ਼ਰਕਟ ਕਾਰਨ ਵਾਪਰਿਆ





ਮਾਛੀਵਾੜਾ ਸਾਹਿਬ, 29 ਮਾਰਚ ( ਕੇਵਲ ਸਿੰਘ ਕੱਦੋਂ ) - ਕੁਹਾੜਾ ਰੋਡ 'ਤੇ ਸਥਿਤ ਪਿੰਡ ਕੂੰਮ ਖੁਰਦ ਵਿਖੇ ਅੱਜ ਤੜਕੇ ਧਾਗੇ ਦੀ ਵਿੰਨੀਗ ਇੰਡਸਟਰੀ ਵਿਚ ਭਿਆਨਕ ਅੱਗ ਲੱਗ ਗਈ ਜਿਸ ਨਾਲ ਭਾਰੀ ਆਰਥਿਕ ਨੁਕਸਾਨ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਇੰਡਸਟਰੀ ਦੇ ਮਾਲਕ ਕੁਨਾਲ ਅਰੋੜਾ ਤੇ ਹਿਮਾਂਸ਼ੂ ਗੁਪਤਾ ਨੇ ਦੱਸਿਆ ਕਿ ਅੱਜ ਤੜਕੇ 4 ਵਜੇ ਮਿੱਲ ਵਿਚ ਤਾਇਨਾਤ ਸਕਿਊਰਿਟੀ ਗਾਰਡ ਨੇ ਗੁਦਾਮ 'ਚੋਂ ਧੂੰਆਂ ਨਿਕਲਦਾ ਦੇਖਿਆ ਤਾਂ ਉੱਥੇ ਅੱਗ ਲੱਗੀ ਹੋਈ ਸੀ। ਇਸ ਅੱਗ ਲੱਗਣ 'ਤੇ ਤੁਰੰਤ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ ਗਿਆ ਜਿਨ੍ਹਾਂ ਨੇ ਆ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਸ਼ੁਰੂ ਕੀਤੀ। ਲੁਧਿਆਣਾ, ਸਮਰਾਲਾ, ਦੋਰਾਹਾ ਤੇ ਖੰਨਾ ਤੋਂ ਕਰੀਬ 11 ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅੱਗ ਬੁਝਾਉਣ 'ਤੇ ਲੱਗੀਆਂ ਰਹੀਆਂ ਜਿਨ੍ਹਾਂ ਬੜੀ ਮੁਸ਼ੱਕਤ ਨਾਲ ਇਸ ਉੱਪਰ ਕਾਬੂ ਪਾਇਆ। ਫੈਕਟਰੀ ਮਾਲਕਾਂ ਅਨੁਸਾਰ ਇਸ ਹਾਦਸੇ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਭਾਰੀ ਆਰਥਿਕ ਨੁਕਸਾਨ ਜ਼ਰੂਰ ਸਾਹਮਣੇ ਆਇਆ ਹੈ। ਅੱਗ ਲੱਗਣ ਕਾਰਨ ਮਿੱਲ ਵਿਚ ਪਿਆ ਧਾਗਾ, ਰੂੰ ਦੀਆਂ ਗੱਠਾਂ ਅਤੇ ਗੁਦਾਮ ਦਾ ਸ਼ੈੱਡ ਬੁਰੀ ਤਰ੍ਹਾਂ ਨੁਕਸਾਨੇ ਗਏ। ਮੁੱਢਲੀ ਜਾਂਚ ਦੌਰਾਨ ਲੱਗ ਰਿਹਾ ਹੈ ਕਿ ਇਹ ਹਾਦਸਾ ਸ਼ਾਰਟ ਸ਼ਰਕਟ ਕਾਰਨ ਵਾਪਰਿਆ। ਫੈਕਟਰੀ ਮਾਲਕਾਂ ਨੇ ਦੱਸਿਆ ਕਿ ਅਜੇ ਅੱਗ ਲੱਗਣ ਨਾਲ ਜੋ ਨੁਕਸਾਨ ਹੋਇਆ ਹੈ ਉਸਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਪਰ ਇਹ ਵੱਡਾ ਆਰਥਿਕ ਘਾਟਾ ਹੈ।

### ਸ਼ਿਪਸ ਗਰੁਪ ਆਫ ਇੰਸਟੀਟਿਊਟ ਵਿੱਚ

## ਕਿੰਡਰ ਗਾਰਟਨ ਗ੍ਰੈਜੂਏਸ਼ਨ ਸੈਰਾਮਨੀ ਧੂਮਧਾਮ ਨਾਲ ਮਨਾਈ



ਚੋਹਲਾ ਸਾਹਿਬ, 29 ਮਾਰਚ (ਮਨਜੀਤ ਸੰਧੂ, ਹਰਪ੍ਰੀਤ ਸਿੰਘ ਚੰਬਾ) - ਸ਼ਿਪਸ ਗਰੁਪ ਆਫ ਇੰਸਟੀਟਿਊਟ ਵਿਚ ਕਿੰਡਰ ਗਾਰਟਨ ਗ੍ਰੈਜੂਏਸ਼ਨ 2023- 24 ਸੈਰਾਮਨੀ ਬੜੀ ਧੂਮ ਧਾਮ ਨਾਲ ਮਨਾਈ ਗਈ। ਇਸ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਸਕੂਲ ਦੇ ਐਜੂਕੇਸ਼ਨਲ ਡਾਇਰੈਕਟਰ ਮਿਸਿਸ ਨਵਦੀਪ ਕੌਰ ਸੰਧੂ ਅਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਗੁਲਵਿੰਦਰ ਸਿੰਘ ਸੰਧੂ ਹਾਜ਼ਰ ਹੋਏ। ਇਸ ਮੌਕੇ ਤੇ ਐਲ.ਕੇ.ਜੀ. ਨਰਸਰੀ ਅਤੇ ਯੂ.ਕੇ.ਜੀ. ਦੇ ਬੱਚਿਆਂ ਵੱਲੋਂ ਡਾਂਸ, ਸੰਗੀਤ, ਕਵਿਤਾ, ਸੱਭਿਆਚਾਰਕ ਰੰਗਾਂ ਰੰਗ ਪ੍ਰੋਗਰਾਮ ਪੇਸ਼ ਕੀਤੇ ਗਏ ਅਤੇ ਯੂ.ਕੇ.ਜੀ. ਦੇ ਬੱਚਿਆਂ ਵੱਲੋਂ ਧੰਨਵਾਦ ਗੀਤ, ਕਵਿਤਾ ਅਤੇ ਧੰਨਵਾਦ ਭਾਸ਼ਣ ਵੀ ਪੇਸ਼ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਬੱਚਿਆਂ ਵੱਲੋਂ ਸਾਲ ਭਰ ਵਿੱਚ ਕੀਤੀਆਂ ਗਤੀਵਿਧੀਆਂ ਦੀ ਵੀਡੀਓ ਅਤੇ ਪ੍ਰੋਗਰਾਮ ਦੀਆਂ ਤਸਵੀਰਾਂ ਮਾਪਿਆਂ ਨੂੰ ਵਿਖਾਈਆਂ ਗਈਆਂ। ਕੁਆਡੀਨੇਟਰ ਹਰਦੀਪ ਕੌਰ ਅਤੇ ਮਿਸ ਅਰਚਨਾ ਨੇ ਸ਼ਾਨਦਾਰ ਢੰਗ ਨਾਲ ਸਟੇਜ ਦਾ ਸੰਚਾਲਨ ਕੀਤਾ। ਇਸ ਮੌਕੇ ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਗੁਲਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਮਾਪਿਆਂ ਨੂੰ ਕਿਹਾ ਕਿ ਇਹ ਜੋ ਬੱਚੇ ਦੇ ਸਰਟੀਫਿਕੇਟ ਮਿਲੇ ਹਨ ਇਹ ਲੰਡਨ ਕਿੱਡਸ ਵੱਲੋਂ ਮੁਹਈਆ ਕਰਵਾਏ ਗਏ ਹਨ ਅਤੇ ਅੰਤਰਾਸ਼ਟਰੀ ਪੱਧਰ ਤੇ ਇਹ ਵੈਲਿਡ ਹੋਣਗੇ। ਇਸ ਮੌਕੇ ਤੇ ਮੁੱਖ ਮਹਿਮਾਨਾਂ ਅਤੇ ਦੋਵਾਂ ਸਕੂਲਾਂ ਦੇ ਪ੍ਰਿੰਸੀਪਲਾਂ ਨੇ ਬੱਚਿਆਂ ਨਾਲ ਸ਼ਾਨਦਾਰ ਫੋਟੋ ਅਤੇ ਬੱਚਿਆਂ ਦੀ ਹੌਸਲਾ ਹਫਜਾਈ ਲਈ ਸਰਟੀਫਿਕੇਟਸ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਦੋਵਾਂ ਪ੍ਰਿੰਸੀਪਲ ਨੇ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਇਸ ਪ੍ਰੋਗਰਾਮ ਵਿੱਚ ਬੱਚਿਆ ਤੇ ਮਾਤਾ ਪਿਤਾ ਵੀ ਹਾਜ਼ਰ ਸਨ। ਅਤੇ ਅੰਤ ਵਿੱਚ ਸਕੂਲ ਦੇ ਲੀਗਲ ਐਡਵਾਈਜ਼ਰ ਸਰਤਾਜ ਸਿੰਘ ਸੰਧੂ ਅਤੇ ਮੈਡੀਕਲ ਸਲਾਹਕਾਰ ਡਾਕਟਰ ਹਰਕਿਰਤ ਕੌਰ ਨੇ ਬੱਚਿਆਂ ਨੂੰ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਤੇ ਬੱਚਿਆਂ ਦੇ ਮਾਪਿਆਂ ਵੱਲੋਂ ਅਧਿਆਪਕਾਂ ਵੱਲੋਂ ਦਿੱਤੀ ਸਾਰੀ ਸਿਖਲਾਈ ਲਈ ਸਟਾਫ ਦਾ ਧੰਨਵਾਦ ਦਿੱਤਾ।

## ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ 30 ਮਾਰਚ ਨੂੰ ਦਫਾ 144 ਲਾਗੂ



ਬਰਨਾਲਾ, 29 ਮਾਰਚ (ਰਾਜਿੰਦਰ ਸ਼ਰਮਾ )- ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਸ੍ਰੀਮਤੀ ਪੂਨਮਦੀਪ ਕੌਰ ਨੇ ਫੌਜਦਾਰੀ ਜਾਬਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਿਹਾ ਕਿ ਜ਼ਿਲ੍ਹਾ ਬਰਨਾਲਾ ਦੇ ਪ੍ਰੀਖਿਆ ਕੇਂਦਰਾਂ ਦੇ ਆਲੇ ਦੁਆਲੇ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਤਰ ਹੋਣ 'ਤੇ ਮਿਤੀ 30 ਮਾਰਚ, 2024 ਲਈ ਪੂਰਨ ਤੌਰ ਤੇ ਪਾਬੰਦੀ ਲਗਾਈ ਗਈ ਹੈ, ਤਾਂ ਜੋ ਪ੍ਰੀਖਿਆ ਵਿੱਚ ਵਿਘਨ ਪਾਉਣ ਵਾਲੇ ਅਨਸਰਾਂ ਨੂੰ ਰੋਕਿਆ ਜਾ ਸਕੇ। ਉਹਨਾਂ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ (ਮੋਹਾਲੀ) ਵੱਲੋਂ ਮੈਰੀਟੋਰੀਅਸ ਅਤੇ ਸਕੂਲ ਆਫ ਐਮੀਨੈਂਸ ਵਿੱਚ ਦਾਖਲੇ ਲਈ ਪ੍ਰਵੇਸ਼ ਪ੍ਰੀਖਿਆ, 2024 ਮਿਤੀ 30 ਮਾਰਚ, 2024 ਨੂੰ ਸਵੇਰੇ 10:00 ਵਜੇ ਤੋਂ 1:00 ਵਜੇ ਤੱਕ ਬੋਰਡ ਵੱਲੋਂ ਜ਼ਿਲ੍ਹਾ ਬਰਨਾਲਾ ਅੰਦਰ ਲਈ ਜਾਣੀ ਹੈ। ਵਧੇਰੀ ਜਾਣਕਾਰੀ ਦਿੰਦਿਆਂ ਉਹਨਾਂ ਕਿਹਾ ਕਿ ਇਸ ਪ੍ਰੀਖਿਆ ਲਈ ਜ਼ਿਲ੍ਹਾ ਬਰਨਾਲਾ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ),ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਧੂ ਪੱਤੀ, ਜਮਲਾ ਮਾਲਕਨ ਸਰਕਾਰੀ ਹਾਈ ਸਕੂਲ, ਸਰਕਾਰੀ ਹਾਈ ਸਕੂਲ ਸੰਘੇੜਾ, ਗਾਂਧੀ ਆਰੀਆ ਸੀਨੀਅਰ ਸੈਕੰਡਰੀ ਸਕੂਲ, ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ, ਸ੍ਰੀ ਲਾਲ ਬਹਾਦਰ ਸ਼ਾਸ਼ਤਰੀ ਆਰੀਆ ਮਹਿਲਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ, ਡਾ.ਰਘੁਬੀਰ ਪ੍ਰਕਾਸ਼ ਐਸ.ਡੀ. ਸੀਨੀਅਰ ਸੈਕੰਡਰੀ ਸਕੂਲ, ਐਸ.ਐਸ.ਡੀ. ਕਾਲਜ ਬਰਨਾਲਾ, ਐਨ.ਐਮ.ਐਸ.ਡੀ. ਸੀਨੀਅਰ ਸੈਕੰਡਰੀ ਸਕੂਲ (ਲੜਕੀਆ), ਐਸ.ਡੀ. ਸੀਨੀਅਰ ਸੈਕੰਡਰੀ ਸਕੂਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਪਾ, ਸ਼ਾਂਤੀ ਦੇਵੀ ਮੈਮੋਰੀਅਲ ਸਰਕਾਰੀ ਕੰਨਿਆ ਹਾਈ ਸਕੂਲ ਤਪਾ, ਸਰਵਹਿੱਤਕਾਰੀ ਵਿੱਦਿਆ ਮੰਦਿਰ ਤਪਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੌੜਾਂ (ਵਾਇਆ ਤਪਾ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਭਦੌੜ, ਸ਼ਹੀਦ ਬੁੱਧੂ ਖਾਂ ਸ਼ੌਰੀਆ ਚੱਕਰਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਹਿਣਾ ਪ੍ਰੀਖਿਆ ਕੇਂਦਰ ਬਣਾਏ ਗਏ ਹਨ।


ਸਟਿੰਗ ਆਪ੍ਰੇਸ਼ਨ
www.stingoperation.us ਜਲੰਧਰ
ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ
Contact : 90416-59160



# ਇੱਕ ਨਜ਼ਰ





## ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਵੱਲੋਂ ਤਿੰਨ ਰੋਜ਼ਾ ਪੰਜਵਾਂ ਹੋਲਾ ਮਹੱਲਾ ਸਲਾਨਾ ਲੰਗਰ ਸੰਪਨ

ਹੁਸ਼ਿਆਰਪੁਰ, 29 ਮਾਰਚ (ਬਲਵੀਰ ਸਿੰਘ ਸੈਣੀ)-ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾਈ ਕੌਮੀ ਤਿਉਹਾਰ ਹੋਲਾ ਮਹੱਲਾ ਮਨਾਉਣ ਲਈ ਪੰਜਾਬ ਭਰ ਤੋਂ ਜਾ ਰਹੀਆਂ ਸੰਗਤਾਂ ਲਈ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਮੁਹੱਲਾ ਟਿੱਬਾ ਸਾਹਿਬ ਪ੍ਰਬੰਧਕ ਕਮੇਟੀ ਅਤੇ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਰਜਿ. ਹੁਸ਼ਿਆਰਪੁਰ ਵੱਲੋਂ ਸਿੱਖ ਵੈਲਫੇਅਰ ਸੁਸਾਇਟੀ ਹੁਸ਼ਿਆਰਪੁਰ, ਭਾਈ ਘੱਨਈਆ ਜੀ ਨਿਸ਼ਕਾਮ ਸੇਵਕ ਸਭਾ ਹਰਿਆਣਾ, ਗੁਰੂ ਨਾਨਕ ਦਰਬਾਰ ਨੂਰਪੁਰ ਅਤੇ ਸਮੂਹ ਸੰਗਤਾਂ ਦੇ ਭਰਵੇਂ ਸਹਿਯੋਗ ਨਾਲ ਪੁਰਹੀਰਾਂ ਬਾਈਪਾਸ ਦੋਆਬਾ ਟਾਈਲਸ ਹੁਸ਼ਿਆਰਪੁਰ ਵਿਖੇ ਤਿੰਨ ਰੋਜ਼ਾ ਪੰਜਵਾਂ ਹੋਲਾ ਮਹੱਲਾ ਸਲਾਨਾ ਲੰਗਰ ਬੀਤੇ ਦਿਨੀ ਸੰਪਨ ਹੋ ਗਿਆ, ਇਸ ਸਬੰਧੀ ਜਾਣਕਾਰੀ ਦਿੰਦਿਆਂ ਜਸਵਿੰਦਰ ਸਿੰਘ ਪਰਮਾਰ ਜਨਰਲ ਸਕੱਤਰ ਸਿੱਖ ਵੈਲਫੇਅਰ ਸੋਸਾਇਟੀ ਹੁਸ਼ਿਆਰਪੁਰ, ਦਰਸ਼ਨ ਸਿੰਘ ਪਲਾਹਾ ਪ੍ਰਧਾਨ ਗੁਰਦੁਆਰਾ ਸ਼੍ਰੀ ਹਰਿ ਜੀ ਸਹਾਇ ਅਤੇ ਸਰਬਜੀਤ ਸਿੰਘ ਬਡਵਾਲ ਚੇਅਰਮੈਨ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਹੁਸ਼ਿਆਰਪੁਰ ਨੇ ਦੱਸਿਆ ਕਿ ਇਸ ਤਿੰਨ ਰੋਜ਼ਾ ਲੰਗਰ ਸੇਵਾ ਵਿੱਚ ਹਜ਼ਾਰਾਂ ਸੰਗਤਾਂ ਨੇ ਲੰਗਰ ਛਕਿਆ। ਇਸ ਦੌਰਾਨ ਮਾਤਾ ਖੀਵੀ ਸੇਵਾ ਦਲ ਸਮੇਤ ਸਮੂਹ ਸੇਵਾਦਾਰਾਂ ਨੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੀ ਤਿੰਨ ਦਿਨ ਲਗਾਤਾਰ ਸੇਵਾ ਕੀਤੀ। ਇਸ ਮੌਕੇ ਉਚੁਚੇ ਤੌਰ ਤੇ ਸੰਗਤਾਂ ਲਈ ਮੁਫਤ ਡਾਕਟਰੀ ਸਹਾਇਤਾ ਅਤੇ ਦਵਾਈਆਂ ਦੇ ਨਾਲ ਨਾਲ ਬੱਚਿਆਂ ਲਈ ਵਿਸ਼ੇਸ਼ ਤੌਰ ਤੇ ਦੁੱਧ ਦੇ ਪ੍ਰਬੰਧ ਵੀ ਕੀਤੇ ਗਏ ਸਨ। ਮੈਡੀਕਲ ਟੀਮ ਵਿੱਚ ਡਾ. ਹਰਜਿੰਦਰ ਸਿੰਘ ਉਬਰਾਏ ਦੇ ਨਾਲ ਰਣਜੀਤ ਸਿੰਘ,ਅਮਰਜੀਤ ਕੌਰ ਅਤੇ ਹੋਰ ਸੇਵਾਦਾਰਾਂ ਨੇ ਮਰੀਜ਼ਾਂ ਦਾ ਮੁਫ਼ਤ ਮੁਆਇਨਾ ਕਰਕੇ ਦਵਾਈਆਂ ਦਿਤੀਆਂ, ਇਸ ਮੌਕੇ ਸਜਾਏ ਕੀਰਤਨ ਦੀਵਾਨਾਂ ਵਿੱਚ ਭਾਈ ਸੁਰਿੰਦਰਪਾਲ ਸਿੰਘ, ਭਾਈ ਸਤਿੰਦਰ ਸਿੰਘ ਆਲਮ ਦੇ ਜਥਿਆਂ ਵੱਲੋਂ ਕੀਰਤਨ ਦੀ ਛਹਿਬਰ ਲਾਈ ਗਈ, ਮੰਚ ਸੰਚਾਲਣ ਗੁਰਬਿੰਦਰ ਸਿੰਘ ਪਲਾਹਾ ਨੇ ਕੀਤਾ, ਇਸ ਲੰਗਰ ਸੇਵਾ ਵਿੱਚ ਉਚੇਚੇ ਤੌਰ 'ਤੇ ਸੰਤ ਬਲਵੀਰ ਸਿੰਘ ਬਿਰਧ ਆਸ਼ਰਮ ਹਰਿਆਣਾ, ਸੰਤ ਹਰਮਨਜੀਤ ਸਿੰਘ ਸਿੰਗੜੀਵਾਲਾ, ਸੰਤ ਪਰਮਿੰਦਰ ਸਿੰਘ ਡਗਾਣਾ, ਸੰਤ ਬੀਬਾ ਹਰਜੀਤ ਕੌਰ,ਗੁਰਪ੍ਰੀਤ ਸਿੰਘ ਪ੍ਰਧਾਨ ਸਿੱਖ ਵੈਲਫ਼ੇਅਰ ਸੁਸਾਇਟੀ ਹੁਸ਼ਿਆਰਪੁਰ, ਹਰਜੀਤ ਸਿੰਘ ਨੰਗਲ, ਓਂਕਾਰ ਸਿੰਘ ਧਾਮੀ, ਪ੍ਰਿੰ. ਰਚਨਾ ਕੌਰ,ਪ੍ਰੋ. ਬਹਾਦਰ ਸਿੰਘ, ਵਰਿੰਦਰ ਸਿੰਘ ਪਰਿਹਾਰ,ਅਵਤਾਰ ਸਿੰਘ ਜੌਹਲ, ਸਵਰਨ ਸਿੰਘ ਵੇਰਕਾ, ਡਾ. ਲਖਵੀਰ ਸਿੰਘ ਸਾਬਕਾ ਜ਼ਿਲਾ ਸਿਹਤ ਅਫ਼ਸਰ, ਬਲਰਾਜ ਸਿੰਘ ਚੌਹਾਨ ਸਾਈਕਲਿਸਟ ਨੇ ਸ਼ਿਰਕਤ ਕੀਤੀ ।

## ਹੁਸ਼ਿਆਰਪੁਰ ਵਿਖੇ 4 ਅਪ੍ਰੈਲ ਨੂੰ ਹੋਵੇਗਾ ਸ਼ੋਭਾ ਯਾਤਰਾ ਦਾ ਨਿੱਘਾ ਸਵਾਗਤ- ਸੰਤ ਧਰਮ ਪਾਲ, ਸੰਤ ਮਨਜੀਤ ਦਾਸ, ਸੰਤ ਰਮੇਸ਼ ਦਾਸ, ਸੰਤ ਕੁਲਦੀਪ ਕੌਰ



ਹੁਸ਼ਿਆਰਪੁਰ, 29 ਮਾਰਚ (ਬਲਵੀਰ ਸਿੰਘ ਸੈਣੀ)-ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 647ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ 4 ਅਪ੍ਰੈਲ ਤੋਂ 7 ਅਪ੍ਰੈਲ ਤਕ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ ਆਦਮਪੁਰ (ਜਲੰਧਰ) ਤੋਂ ਆਰੰਭ ਹੋ ਰਹੀ ਮਹਾਨ ਦਮੜੀ ਸ਼ੋਭਾ ਯਾਤਰਾ ਭਾਰੀ ਗਿਣਤੀ ਵਿੱਚ ਸੰਗਤਾਂ ਸਮੇਤ 4 ਅਪ੍ਰੈਲ ਨੂੰ ਹੁਸ਼ਿਆਰਪੁਰ ਪਹੁੰਚੇਗੀ ਜਿਥੇ ਸੰਗਤਾਂ ਵਲੋਂ ਵੱਖ ਵੱਖ ਸਥਾਨਾਂ ਤੇ ਸ਼ੋਭਾ ਯਾਤਰਾ ਦਾ ਨਿੱਘਾ ਤੇ ਭਰਪੂਰ ਸਵਾਗਤ ਕੀਤਾ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਤ ਧਰਮ ਪਾਲ ਧਾਮ ਚਾਨਣ ਪੁਰੀ ਸ਼ੇਰਗੜ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਰਮੇਸ਼ ਦਾਸ ਸ਼ੇਰਪੁਰ ਕਲਰਾਂ,ਸੰਤ ਬੀਬੀ ਕੁਲਦੀਪ ਕੌਰ ਮਹਿਨਾ ਮੈਂਬਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਨੇ ਦੱਸਿਆ ਕਿ 4 ਅਪ੍ਰੈਲ ਦਿਨ ਵੀਰਵਾਰ ਸਵੇਰੇ 9 ਵਜੇ ਯਾਤਰਾ ਚੂਹੜਵਾਲੀ ਤੋਂ ਸ਼ਾਨੋ ਸ਼ੌਕਤ ਨਾਲ ਆਰੰਭ ਹੋਵੇਗੀ ਜੋ ਕਿ ਆਦਮਪੁਰ, ਭੋਗਪੁਰ, ਬੁਲੋਵਾਲ,ਹੁਸ਼ਿਆਰਪੁਰ, ਮਾਹਿਲਪੁਰ, ਗੜ੍ਹਸ਼ੰਕਰ ਤੋਂ ਹੋ ਕੇ ਸ਼ਾਮ ਨੂੰ ਇਤਿਹਾਸਕ ਅਸਥਾਨ ਸ੍ਰੀ ਗੁਰੂ ਰਵਿਦਾਸ ਸਦਨ ਤੋਂ ਹੋ ਕੇ ਸੱਚਖੰਡ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਸਾਹਿਬ ਵਿਖੇ ਪਹੁੰਚੇਗੀ ਜਿਥੇ ਰਾਤ ਦੇ ਕੀਰਤਨ ਦੇ ਦੀਵਾਨ ਸਜਾਏ ਜਾਣਗੇ।ਉਨਾਂ ਦੱਸਿਆ ਕਿ 5 ਅਪ੍ਰੈਲ ਸਵੇਰੇ 8 ਵਜੇ ਇਥੋਂ ਸ਼ੋਭਾ ਯਾਤਰਾ ਹਰਿ ਜਸ਼ ਕਰਦੇ ਹੋਏ ਹਰਿਦੁਆਰ ਲਈ ਰਵਾਨਾ ਹੋਵੇਗੀ।ਉਨਾਂ ਸੰਗਤਾਂ ਨੂੰ ਹੁੰਮ ਹੁਮਾ ਕੇ ਸ਼ਰਧਾ ਭਾਵਨਾ ਨਾਲ ਸ਼ੋਭਾ ਯਾਤਰਾ ਵਿਚ ਹਾਜਰ ਹੋਣ ਦੀ ਅਪੀਲ ਕੀਤੀ।

**ਜਨਤਕ ਸਮੱਸਿਆ**

**ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਅਧੀਨ 2015 ਵਿੱਚ ਤਿਆਰ ਕੀਤੀ ਗਈ**

## ਬਰਨਾਲਾ-ਹਠੂਰ ਸੜਕ ਲੰਬੇ ਸਮੇਂ ਤੋਂ ਬਿਮਾਰ, ਇਸ ਦੇ ਇਲਾਜ ਲਈ ਨਹੀਂ ਬਹੁੜਿਆ ਕੋਈ ਸਰਕਾਰੀ ਵੈਦ

■ ਲੋਕਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਰਨਾਲਾ ਹਠੂਰ ਸੜਕ ਕਈ ਪਿੰਡਾਂ ਵਿੱਚੋਂ ਦੀ ਹੁੰਦੀ ਹੋਈ ਬਰਨਾਲਾ - ਜਗਰਾਵਾਂ ਨਕੋਦਰ ਅਤੇ ਜਲੰਧਰ ਨਾਲ ਬਰਨਾਲਾ ਸ਼ਹਿਰ ਨੂੰ ਜੋੜਦੀ ਹੈ ਇਸ ਉੱਪਰ ਵਸਦੇ ਪਿੰਡਾਂ.....









**ਰਾਜਿੰਦਰ ਸ਼ਰਮਾ ਦੀ ਵਿਸ਼ੇਸ਼ ਰਿਪੋਰਟ**

Exclusive

ਬਰਨਾਲਾ, 29 ਮਾਰਚ- ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਅਧੀਨ 2015 ਵਿੱਚ ਤਿਆਰ ਕੀਤੀ ਗਈ ਹਠੂਰ-ਬਰਨਾਲਾ ਸੜਕ ਹੁਣ ਸਰਕਾਰ ਅਤੇ ਪ੍ਰਸ਼ਾਸਨ ਨੂੰ ਆਪਣਾ ਇਲਾਜ ਕਰਵਾਉਣ ਲਈ ਦੁਹਾਈ ਪਾ ਰਹੀ ਹੈ, ਪ੍ਰੰਤੂ ਸਰਕਾਰਾਂ ਅਤੇ ਪ੍ਰਸ਼ਾਸਨ ਇਸ ਸੜਕ ਦੀ ਗੱਲ ਸੁਣਨ ਲਈ ਤਿਆਰ ਹੀ ਨਹੀਂ ਹੈ , ਜਿਸ ਕਰਕੇ ਲੋਕ ਆਏ ਦਿਨ ਦੁਰਘਟਨਾਵਾਂ ਦਾ ਸ਼ਿਕਾਰ ਹੋ ਰਹੇ ਹਨ ਲੱਗਦਾ ਹੈ ਪ੍ਰਸ਼ਾਸਨ ਕਿਸੇ ਵੱਡੀ ਘਟਨਾ ਵਾਪਰਨ ਅਤੇ ਜਾਨੀ ਨੁਕਸਾਨ ਹੋਣ ਤੋਂ ਬਾਅਦ ਹੀ ਇਸ ਸੜਕ ਵੱਲ ਉਚੇਚੇ ਤੌਰ ਤੇ ਧਿਆਨ ਦੇਵੇਗਾ । ਪਿੰਡ ਦੀਵਾਨੇ ,ਸੋਹੀਆਂ, ਗਹਿਲ, ਚੰਨਣਵਾਲ, ਰਾਏਸਰ ,ਠੀਕਰੀਵਾਲ ਦੇ ਲੋਕਾਂ ਲਾਲੀ ਤਾਂਗੜੀ , ਜਗਰੂਪ ਸਿੰਘ ਜੂਪਾ, ਮਨਦੀਪ ਕੁਮਾਰ, ਮਹਿੰਦਰਪਾਲ ਸ਼ਰਮਾ ਅਤੇ ਅਮਰੀਕ ਸਿੰਘ,ਪ੍ਰਮਜੀਤ ਸਿੰਘ ਵਾਸੀ ਚੰਨ.ਣਵਾਲ,ਨਿਰਮਲ ਸਿੰਘ ਗਹਿਲ,ਅਵਤਾਰ ਸਿੰਘ ਸੋਹੀਆਂ,ਅਤੇ ਹਰਮੀਤ ਸਿੰਘ ਦੀਵਾਨਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਰਨਾਲਾ ਹਠੂਰ ਸੜਕ ਕਈ ਪਿੰਡਾਂ ਵਿੱਚੋਂ ਦੀ ਹੁੰਦੀ ਹੋਈ ਬਰਨਾਲਾ - ਜਗਰਾਵਾਂ ਨਕੋਦਰ ਅਤੇ ਜਲੰਧਰ ਨਾਲ ਬਰਨਾਲਾ ਸ਼ਹਿਰ ਨੂੰ ਜੋੜਦੀ ਹੈ ਇਸ ਉੱਪਰ ਵਸਦੇ ਪਿੰਡਾਂ ਵਿਚੋਂ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਲੋਕ ਵਹੀਕਲ ਲੈਕੇ ਚਲਦੇ ਹਨ ਜਿਨ੍ਹਾਂ ਵਿਚ ਦੋ ਪਹੀਆ ਵਾਹਨਾਂ ਤੋਂ ਲੈ ਕੇ ਭਾਰ ਢੋਣ ਵਾਲੇ ਵੱਡੇ ਟਰਾਲੇ ਵੀ ਸ਼ਾਮਿਲ ਹਨ ਬਰਨਾਲਾ ਤੋਂ ਹਠੂਰ ਤੱਕ ਇਹ ਸੜਕ ਜ਼ਿਲ੍ਹਾ ਬਰਨਾਲਾ ਦੇ ਅਧੀਨ ਆਉਂਦੀ ਹੈ ਬਰਨਾਲਾ ਤੋਂ ਤਕਰੀਬਨ ਪੱਚੀ ਕਿਲੋਮੀਟਰ ਲੰਬੀ ਇਸ ਸੜਕ ਵਾਰੇ ਲੋਕਾਂ ਵੱਲੋਂ ਪ੍ਰਸਾਸਨ ਤੱਕ ਮੀਡੀਆ ਰਾਹੀਂ ਆਪਣੀ ਇਸ ਸਮੱਸਿਆ ਨੂੰ ਹੱਲ ਕਰਵਾਉਣ ਲਈ ਕਈ ਵਾਰ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ ਪ੍ਰੰਤੂ ਸਬੰਧਤ ਵਿਭਾਗ ਦਾ ਇੱਕੋ ਇੱਕ ਘੜਿਆ ਹੈ ਜਵਾਬ ਮਿਲਦਾ ਹੈ ਕਿ ਇਸ ਦਾ ਐਸਟੀਮੇਟ ਬਣਾ ਕੇ ਭੇਜਿਆ ਹੋਇਆ ਹੈ ਸੜਕ ਜਲਦੀ ਮੁਰੰਮਤ ਕਰ ਦਿੱਤੀ ਜਾਵੇਗੀ ਇਹ ਗੱਲਾਂ ਸੁਣਦਿਆਂ ਨੂੰ ਤਿੰਨ ਸਾਲ ਦਾ ਸਮਾਂ ਬੀਤ ਚੁੱਕਾ ਹੈ ਪ੍ਰੰਤੂ ਹੁਣ ਲੋਕਾਂ ਦੇ ਸਬਰ ਦਾ ਬੰਨ੍ਹ ਟੁੱਟ ਚੁੱਕਿਆ ਹੈ ਦੁਰਘਟਨਾਵਾਂ ਕਾਰਨ ਲੋਕਾਂ ਦੇ ਲੱਗੀਆਂ ਸੱਟਾਂ ਅਤੇ ਵਹੀਕਲਾਂ ਦੇ ਨੁਕਸਾਨ ਤੋਂ ਲੋਕ ਤੰਗ ਆ ਚੁੱਕੇ ਹਨ ।ਠੀਕਰੀਵਾਲਾ ਪਿੰਡ ਦੀ ਦਾਣਾ ਮੰਡੀ ਦੇ ਕੋਲ ਤਕਰੀਬਨ ਇੱਕ ਕਿਲੋਮੀਟਰ ਲੰਬੀ ਸੜਕ ਬੁਰੀ ਤਰਾਂ ਟੁੱਟਣ ਕਰਕੇ ਜਰਾ ਕੁ ਮੀਂਹ ਪੈਣ ਕਾਰਨ ਝੀਲ ਦਾ ਰੂਪ ਧਾਰਨ ਕਰ ਲੈਂਦੀ ਹੈ , ਪਿੰਡ ਦੀਆਂ ਗਲੀਆਂ -ਨਾਲੀਆਂ ਦਾ ਗੰਦਾ ਪਾਣੀ ਇਸ ਜਗਾ ਤੇ ਇਕੱਠਾ ਹੋ ਜਾਣ ਕਰਕੇ ਪਾਣੀ ਵਿੱਚੋਂ ਦੀ ਲੰਘਣ ਕਾਰਨ ਕਾਫੀ ਵਿਅਕਤੀਆਂ ਨੂੰ ਚਮੜੀ ਦੀਆਂ ਬਿਮਾਰੀਆਂ ਦੇ ਨਾਲ ਹੀ ਦੁਰਘਟਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਪ੍ਰਕਾਸਿਤ ਕੀਤੀਆਂ ਗਈਆਂ ਖਬਰਾਂ ਦਾ ਅਸਰ ਸਿਰਫ਼ ਪਿੰਡ ਰਾਏਸਰ (ਪਟਿਆਲਾ) ਦੇ ਬੱਸ ਸਟੈਂਡ ਤੇ ਟੁੱਟੀ ਹੋਈ ਪੁਲੀ ਨੂੰ ਬਣਾਉਣ ਤੱਕ ਹੀ ਸਿਮਟਕੇ ਰਹਿ ਗਿਆ ਹੈ ।ਜਿਸਨੂੰ ਜੋਧਪੁਰ -ਰਾਏਸਰ ਸ਼ੜਕ ਬਣਾਉਣ ਵਾਲੇ ਠੇਕੇਦਾਰ ਅਤੇ ਜੇ.ਈ ਦੀ ਮੇਹਰਬਾਨੀ ਸਦਕਾ ਲੋਕਾਂ ਵਲੋਂ ਕੀਤੀ ਗਈ ਬੇਨਤੀ ਦੇ ਅਧਾਰ ਤੇ ਰਹਿਮਦਿਲੀ ਨਾਲ ਬਣਾ ਦਿੱਤਾ ਗਿਆ ,ਪ੍ਰੰਤੂ ਲੋਕ ਨਿਰਮਾਣ ਵਿਭਾਗ ਦੀ ਨੀਂਦ ਤਾਂ ਅੱਜ ਤੱਕ ਨਹੀ ਖੁੱਲੀ। ਇਸ ਬਾਰੇ ਇਸ ਤੋਂ ਪਹਿਲਾਂ ਵੀ ਕਈ ਵਾਰ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਪ੍ਰੰਤੂ ਪ੍ਰਸ਼ਾਸਨ ਦੇ ਕੰਨ ਤੇ ਜੂੰ ਤੱਕ ਨਹੀਂ ਸਰਕੀ , ਲੋਕਾਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਵੋਟਾਂ ਵੇਲੇ ਵਾਅਦੇ ਕਰਦੀ ਸੀ ਕਿ ਆਮ ਲੋਕਾਂ ਨੂੰ ਕੋਈ ਵੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ,ਪ੍ਰੰਤੂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਵੀ ਦੋ ਸਾਲ ਤੋਂ ਉਪਰ ਦਾ ਸਮਾਂ ਹੋ ਚੁੱਕਾ ਹੈ ।ਪੰਜਾਬ ਅੰਦਰ ਬਦਲਾਅ ਵਾਲੀ ਸਰਕਾਰ ਆਉਣ ਤੋਂ ਬਾਅਦ ਵੀ ਕੋਈ ਬਦਲਾਅ ਨਜ਼ਰ ਨਹੀਂ ਆਇਆ । ਲੋਕ ਪਹਿਲਾਂ ਦੀ ਤਰ੍ਹਾਂ ਹੀ ਮੁਸ਼ਕਲਾਂ ਨਾਲ ਜੂਝ ਰਹੇ ਹਨ ।ਉਨ੍ਹਾਂ ਕਿਹਾ ਕਿ ਸੜਕ ਦਾ ਕੋਈ ਵੀ ਕਿਲੋਮੀਟਰ ਅਜਿਹਾ ਨਹੀਂ ਜਿਸ ਵਿੱਚ ਇੱਕ ਫੁੱਟ ਤੋਂ ਦੋ ਫੁੱਟ ਡੂੰਘੇ ਖੱਡੇ ਨਾ ਹੋਣ ਬਰਸਾਤਾਂ ਦੇ ਦਿਨਾਂ ਕਾਰਨ ਇਨ੍ਹਾਂ ਖੱਡਿਆਂ ਵਿਚ ਵੀ ਪਾਣੀ ਭਰ ਜਾਂਦਾ ਹੈ ਜਿਸ ਕਰਕੇ ਵਹੀਕਲ ਚਾਲਕਾਂ ਨੂੰ ਇਹ ਖੱਡੇ ਨਜ਼ਰ ਨਾ ਆਉਣ ਕਾਰਨ ਵਹੀਕਲ ਚਾਲਕਾਂ ਨੂੰ ਭਾਰੀ ਆਰਥਿਕ ਤੇ ਸਰੀਰਕ ਨੁਕਸਾਨ ਝੱਲਣਾ ਪੈ ਰਿਹਾ ਹੈ । ਓਹਨਾਂ ਕਿਹਾ ਕਿ ਮਹਿਲਕਲਾਂ ਹਲਕੇ ਦੇ ਐਮ ਐਲ ਏ ਸਾਹਿਬ ਨੂੰ ਵੀ ਇਸ ਸੜਕ ਵੱਲ ਧਿਆਨ ਦੇਣ ਲਈ ਲੋਕਾਂ ਵਲੋਂ ਬੇਨਤੀਆਂ ਕੀਤੀਆਂ ਜਾ ਚੁੱਕੀਆਂ ਨੇ ,ਓਹਨਾ ਵਲੋਂ ਵੀ ਸੜਕ ਨੂੰ ਜਲਦੀ ਬਣਾਉਣ ਦਾ ਭਰੋਸਾ ਦਿੱਤਾ ਜਾਂਦਾ ਹੈ ਪ੍ਰੰਤੂ ਅੱਜ ਤੱਕ ਕੋਈ ਵੀ ਕਾਰਵਾਈ ਆਰੰਭ ਕੀਤੀ ਨਜਰ ਨਹੀ ਆ ਰਹੀ ।ਪੰਜਾਬੀ ਦੀ ਕਹਾਵਤ ਅਨੁਸਾਰ "ਪੰਚਾਂ ਦਾ ਕਿਹਾ ਸਿਰ ਮੱਥੇ' ਪਰਨਾਲਾ ਓਥੇ ਦਾ ਓਥੇ " ਹੀ ਲੱਗਾ ਹੋਇਆ ਹੈ । ਲੋਕਾਂ ਨੇ ਸਬੰਧਤ ਵਿਭਾਗ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜੇਕਰ ਲੰਬੇ ਸਮੇਂ ਤੋਂ ਬਿਮਾਰ ਚੱਲ ਰਹੀ ਸੜਕ ਦੀ ਮੁਰੰਮਤ ਅਤੇ ਪੁਲੀਆਂ ਬਣਾਉਣ ਦਾ ਕੰਮ ਜਲਦੀ ਮੁਕੰਮਲ ਨਾ ਕੀਤਾ ਗਿਆ ਤਾਂ ਲੋਕ ਇਕੱਠੇ ਹੋ ਕੇ ਸਬੰਧਤ ਸਬੰਧਤ ਪ੍ਰਸਾਸਨਿਕ ਅਧਿਕਾਰੀਆਂ ਦੇ ਦਫਤਰਾਂ ਦਾ ਘਿਰਾਓ ਕਰਨਗੇ। ਲੋਕ ਸਭਾ ਚੋਣਾ ਦੌਰਾਨ ਮੌਜੂਦਾ ਸਰਕਾਰ ਨੂੰ ਇਸ ਟੁੱਟੀ ਸ਼ੜਕ ਦੀ ਹੁਣ ਤੱਕ ਮੁਰੰਮਤ ਨਾ ਕਰਨ ਕਰਕੇ ਇਸ ਦਾ ਖਮਿਆਜਾ ਜਰੂਰ ਭੁਗਤਣਾ ਪੈ ਸਕਦਾ ਹੈ ।

### ਕੀ ਕਹਿਣਾ ਹੈ ਲੋਨਿਵਿ ਬਰਨਾਲਾ ਦੇ ਐਕਸੀਅਨ ਦੇਵਿੰਦਰਪਾਲ ਸਿੰਘ ਦਾ

**ਉਕਤ ਸੜਕ ਸਬੰਧੀ ਪੱਖ ਜਾਨਣ ਵਾਸਤੇ ਲੋਕ ਨਿਰਮਾਣ** ਵਿਭਾਗ ਬਰਨਾਲਾ ਦੇ ਐਕਸੀਅਨ ਦੇਵਿੰਦਰਪਾਲ ਸਿੰਘ ਨਾਲ ਸੰਪਰਕ ਕਰਨ ਤੇ ਉਹਨਾਂ ਕਿਹਾ ਕਿ ਇਹ ਸ਼ੜਕ ਲੋਕ ਨਿਰਮਾਣ ਵਿਭਾਗ ਦੇ ਸਰਕਲ ਬਰਨਾਲਾ ਅਧੀਨ 10 ਕਿ: ਮੀ:ਅਤੇ ਮੰਡੀਕਰਨ ਬੋਰਡ ਬਰਨਾਲਾ ਅਧੀਨ 13 ਕਿਲੋ ਮੀਟਰ ਅਤੇ ਬਾਕੀ ਲੁਧਿਆਣਾ ਸਰਕਲ ਵਿੱਚ ਪੈਂਦੀ ਹੈ ।ਸਾਡੇ ਵਿਭਾਗ ਵਲੋਂ ਇਸ ਸੜਕ ਦੇ ਅਸਟੀਮੇਟ 2023 -24 ਦੇ ਵਰਕ ਪ੍ਰੋਗਰਾਮਜ (ਪਹਿਲ ਦੇ ਅਧਾਰ ਵਾਲੀ ਸੂਚੀ 1) ਅਧੀਨ ਅਸਟੀਮੇਟ ਬਣਾਕੇ ਡੀ.ਸੀ.ਬਰਨਾਲਾ ਜੀ ਪਾਸੋਂ ਪ੍ਰਵਾਨਗੀ ਉਪਰੰਤ ਮੰਡੀਕਰਨ ਬੋਰਡ ਬਰਨਾਲਾ ਦੇ ਦਫਤਰ ਭੇਜੇ ਜਾ ਚੁੱਕੇ ਹਨ । ਇਸ ਕੰਮ ਲਈ ਸਾਡੇ ਵਿਭਾਗ ਅਧੀਨ ਆਉਂਦੀ 10 ਕਿਲੋ ਮੀਟਰ ਦੇ ਫੰਡ ਵੀ ਮੰਡੀਕਰਨ ਬੋਰਡ ਵਲੋਂ ਹੀ ਸਾਨੂੰ ਦਿੱਤੇ ਜਾਣੇ ਹਨ,ਬਾਕੀ 13 ਕਿਲੋ ਮੀਟਰ ਸ਼ੜਕ ਮੰਡੀਕਰਨ ਬੋਰਡ ਵਲੋਂ ਹੀ ਬਣਾਈ ਜਾਣੀ ਹੈ , ਮੰਡੀਕਰਨ ਬੋਰਡ ਪੰਜਾਬ ਵਲੋਂ ਫੰਡਜ ਰਲੀਜ ਹੋਣ ਤੇ ਤੁਰੰਤ ਕੰਮ ਸੁਰੂ ਕਰ ਦਿੱਤਾ ਜਾਵੇਗਾ ।

### ਕੀ ਕਹਿਣਾ ਹੈ ਮੰਡੀਕਰਨ ਬੋਰਡ ਬਰਨਾਲਾ ਦੇ ਐਕਸੀਅਨ ਕੁਲਦੀਪ ਸਿੰਘ

**ਮੰਡੀਕਰਨ ਬੋਰਡ ਬਰਨਾਲਾ ਦੇ ਐਕਸੀਅਨ** ਕੁਲਦੀਪ ਸਿੰਘ ਤੋਂ ਉਹਨਾਂ ਦਾ ਪੱਖ ਜਾਣਿਆ ਤਾਂ ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਆਰ.ਡੀ.ਐਫ ਦੇ ਫੰਡ ਰੋਕੇ ਹੋਣ ਕਰਕੇ ਸਾਡੇ ਵਿਭਾਗ ਕੋਲ ਕੋਈ ਵੀ ਫੰਡ ਉਪਲਬਧ ਨਹੀਂ ਹਨ ।ਜਿਸ ਕਾਰਨ ਸਾਡੇ ਹਿੱਸੇ ਵਾਲੀ ਸੜਕ ਅਤੇ ਲੋਕ ਨਿਰਮਾਣ ਵਿਭਾਗ ਦੇ ਹਿੱਸੇ ਵਾਲੀ ਸੜਕ ਦੇ ਫੰਡ ਰਿਲੀਜ਼ ਹੋਣ ਤੇ ਇਸ ਸੜਕ ਨੂੰ ਜਲਦੀ ਬਣਾ ਦਿੱਤਾ ਜਾਵੇਗਾ।


ਸਟਿੰਗ ਆਪ੍ਰੇਸ਼ਨ ਜਲੰਧਰ
www.stingoperation.us

ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ

Contact : 90416-59160



# ਇੱਕ ਨਜ਼ਰ



## ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਨਸਰਾਲਾ 'ਚ ਮਨਾਇਆ 'ਗਰੈਜੂਏਸ਼ਨ ਡੇ'

### ਸਕੂਲ ਦਾ ਸਲਾਨਾ ਨਤੀਜਾ ਵੀ ਘੋਸ਼ਿਤ ਕੀਤਾ ਗਿਆ

ਹੁਸ਼ਿਆਰਪੁਰ, 29 ਮਾਰਚ (ਬਲਵੀਰ ਸਿੰਘ ਸੈਣੀ)-ਸਿੱਖਿਆ ਵਿਭਾਗ ਪੰਜਾਬ ਵੱਲੋਂ ਪੰਜਾਬ ਦੇ ਸਮੂਹ ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਦੇ ਵਿਦਿਆਰਥੀਆਂ ਨੂੰ ਪਹਿਲੀ ਜਮਾਤ ਵਿੱਚ ਪ੍ਰਮੋਟ ਹੋਣ ਮੌਕੇ 'ਗਰੈਜੂਏਸ਼ਨ ਡੇ' ਮਨਾਉਣ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਸ਼੍ਰੀਮਤੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਖਵਿੰਦਰ ਸਿੰਘ ਦੀ ਯੋਗ ਅਗਵਾਈ ਵਿੱਚ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਨਸਰਾਲਾ ਵਿਖੇ 'ਗਰੈਜੂਏਸ਼ਨ ਡੇ' ਮਨਾਇਆ ਗਿਆ। ਇਸ ਸਮਾਰੋਹ ਵਿੱਚ ਮੁੱਖ-ਮਹਿਮਾਨ ਵੱਜੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਸਰਾਲਾ ਦੇ ਪ੍ਰਿੰਸੀਪਲ ਧਰਮਿੰਦਰ ਸ਼ਰਮਾ ਨੇ ਆਪਣੇ ਸਟਾਫ਼ ਸਹਿਤ ਸ਼ਿਰਕਤ ਕੀਤੀ। ਇਸ ਮੌਕੇ ਨੰਨ੍ਹੇ-ਮੁੰਨ੍ਹੇ ਵਿਦਿਆਰਥੀਆਂ ਨੇ ਆਪਣੇ ਸੱਭਿਆਚਾਰਕ ਪ੍ਰੋਗਰਾਮ ਨਾਲ ਮਹਿਮਾਨਾਂ ਦਾ ਦਿਲ ਮੋਹ ਲਿਆ। ਪ੍ਰਿੰਸੀਪਲ ਧਰਮਿੰਦਰ ਸ਼ਰਮਾ ਨੇ ਪ੍ਰੀ-ਪ੍ਰਾਇਮਰੀ ਤੋਂ ਜਮਾਤ ਪਹਿਲੀ ਵਿੱਚ ਪ੍ਰਮੋਟ ਹੋਏ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ ਅਫ਼ਜਾਈ ਕੀਤੀ।ਇਸ ਮੌਕੇ ਸਕੂਲ ਦੇ ਮੁੱਖ-ਅਧਿਆਪਕਾ ਮੈਡਮ ਜੋਤੀ ਸੈਣੀ ਨੇ ਸਕੂਲ ਦਾ ਸਲਾਨਾ ਨਤੀਜਾ ਵੀ ਘੋਸ਼ਿਤ ਕੀਤਾ ਅਤੇ ਸਮਾਰੋਹ ਵਿੱਚ ਸ਼ਾਮਲ ਮਹਿਮਾਨਾਂ ਅਤੇ ਵਿਦਿਆਰਥੀਆਂ ਦੇ ਮਾਤਾ -ਪਿਤਾ ਨੂੰ ਸਕੂਲ ਅਤੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਅਤੇ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ ਅਤੇ ਸਮਾਰੋਹ ਵਿੱਚ ਪਹੁੰਚਣ ਤੇ ਉਹਨਾਂ ਦਾ ਧੰਨਵਾਦ ਕੀਤਾ । ਇਸ ਸਮਾਰੋਹ ਵਿੱਚ ਲੈਕਚਰਾਰ ਕੁਲਵਿੰਦਰ ਸਿੰਘ,ਮਾਸਟਰ ਬਲਜੀਤ ਸਿੰਘ, ਵਿਸ਼ਾਲ, ਅਨੀਸ਼ ਕੁਮਾਰ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਅਵਸਰ 'ਤੇ ਸਕੂਲ ਸਟਾਫ਼ ਵਿੱਚੋਂ ਮੈਡਮ ਅਨੁਰਾਧਾ, ਵਿਕਾਸ ਸ਼ਰਮਾ, ਗੁਰਜੀਤ ਕੌਰ, ਚੇਤਨਾ,ਸੁਨੀਲ ਗਾਂਧੀ, ਰਤੀਕਾ ਮਨੋਚਾ, ਕਮਲਜੀਤ ਕੌਰ, ਪਰਮਜੀਤ ਕੌਰ, ਮਨਜੀਤ ਕੌਰ, ਸ਼ਮਸ਼ਾਦ ਬੇਗਮ ਅਤੇ ਜਸਵਿੰਦਰ ਕੌਰ, ਮੀਨਾ ਕੁਮਾਰੀ ਅਤੇ ਸਾਬਕਾ ਪੰਚ ਅਸ਼ੋਕ ਕੁਮਾਰ ਸਹਿਤ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਤਾ- ਪਿਤਾ ਹਾਜ਼ਰ ਹੋਏ।

## अध्यापकों के लिए हाई इंपैक्ट टीचिंग स्किल के विषय अधीन वर्कशॉप आयोजित



मुकेरियां, 29 मार्च (इंद्रजीत वारिक्य) : श्री गुरु गोबिंद सिंह पब्लिक स्कूल बैगपुर कमलूह में चेयरमैन इंजीनियर परमजीत सिंह वाइस चेयरपर्सन अरविंदर कौर मैनेजिंग डायरेक्टर इंजीनियर प्रभजीत सिंह डायरेक्टर अमनदीप कौर के दिशा निर्देश अनुसार अध्यापकों के लिए हाई इंपैक्ट टीचिंग स्किल के विषय अधीन वर्कशॉप लगाई गई द्य डॉक्टर सविता गुप्ता (एच . आर.डिपार्टमेंट) लवली प्रोफेशनल यूनिवर्सिटी बतौर रिसोर्स पर्सन शामिल थे वर्कशॉप की शुरुआत चेयरमैन सर, प्रिंसिपल शिखा वलिया और डॉक्टर सविता गुप्ता द्वारा ज्योति प्रज्वलित करके किया गया । सबसे पहले चेयरमैन सर ने अपने भाषण दौरान अध्यापकों को संबोधन करके कहा कि आने वाले वर्ष में प्रभावशाली अध्यापन तकनीक अपना के, कक्षा में विद्यार्थी को बढ़िया वातावरण देकर ,उसको अच्छी सोच शक्ति का मालिक बना सकते हो और वह अपनी जिंदगी में आगे बढ़ सकते हैं । डॉक्टर सविता गुप्ता ने बताया कि विद्यार्थी केंद्रित शिक्षा होनी चाहिए। कक्षा में शिक्षा ग्रहण करते समय विद्यार्थी क्रियात्मक तौर पर पूर्ण भागीदार होना चाहिए । डॉक्टर सुगाता मित्रा के होल इन द वॉल प्रोजेक्ट बारे जानकारी दी गई जिसमें बच्चे अपने आप कंप्यूटर चलाना सिखते हैं। इस के अलावा उन्होंने वेमर 2002 के पांच सिद्धांत बताएं जिसमें अध्यापक कक्षा में आने से पहले किस तरह अपने पाठ की पूरी तैयारी करनी चाहिए । विद्यार्थी को कक्षा में अपने विचार देने की पूर्ण स्वतंत्रता होनी चाहिए आदि के बारे में जानकारी दी गई । कुल मिलाकर वर्कशॉप बहुत ही लाभदायक थी । अंत में प्रिंसिपल शिखा वालिया ने डॉक्टर सविता गुप्ता का धन्यवाद किया।


ਸਟਿੰਗ ਆਪ੍ਰੇਸ਼ਨ
www.stingoperation.us ਜਲੰਧਰ
ਦੇਸ਼-ਵਿਦੇਸ਼ ਅਤੇ ਪੰਜਾਬ ਦੇ ਹਰ ਕਸਬੇ ਤੋਂ ਪੱਤਰਕਾਰਾਂ ਦੀ ਲੋੜ ਹੈ
Contact : 90416-59160


### ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰੋ ਅਤੇ ਹਾਦਸਿਆਂ ਤੋਂ ਬਚੋ: ਲਾਇਨ ਵਿਜੇ ਅਰੋੜਾ

## ਅਰੋੜਾ ਨੇ 20 ਰੇਡੀਅਮ ਫਲੈਕਸ ਬੋਰਡ ਭੇਟ ਕੀਤੇ

**ਰਿਜਨਲ ਟਰਾਂਸਪੋਰਟ ਅਫਸਰ ਰਵਿੰਦਰ ਸਿੰਘ ਗਿੱਲ ਅਤੇ ਟ੍ਰੈਫਿਕ ਪੁਲਿਸ ਦੇ ਉੱਚ ਅਧਿਕਾਰੀਆਂ ਨੇ ਵਿਜੇ ਅਰੋੜਾ ਦੀ ਸ਼ਲਾਘਾ ਕੀਤੀ ਅਤੇ ਟੋਲ ਪਲਾਜ਼ਿਆਂ 'ਤੇ ਜੋ ਰੇਟਰੋ ਰਿਫਲੈਕਟਰ ਟੇਪ ਲਗਾਈ ਹੈ ਉਹ ਇਕ ਚੰਗਾ ਯੋਗਦਾਨ ਹੈ .....**



ਹੁਸ਼ਿਆਰਪੁਰ, 29 ਮਾਰਚ (ਬਲਵੀਰ ਸਿੰਘ ਸੈਣੀ)- ਪੰਜਾਬ ਰੋਡ ਸੇਫਟੀ ਐਡਵਾਈਜ਼ਰੀ ਕਮੇਟੀ ਦੇ ਮੈਂਬਰ ਅਤੇ ਜ਼ਿਲ੍ਹਾ ਚੇਅਰਮੈਨ ਲਾਇਨ ਕਲੱਬ ਵਿਸ਼ਵਾਸ ਹੁਸ਼ਿਆਰਪੁਰ ਵਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਟ੍ਰੈਫਿਕ ਪੁਲਿਸ ਇੰਚਾਰਜ ਸੁਰਿੰਦਰ ਪਾਲ ਸਿੰਘ ਨੂੰ 20 ਰੇਡੀਅਮ ਫਲੈਕਸ ਬੋਰਡ ਭੇਟ ਕੀਤੇ ਗਏ, ਜੋ ਸ਼ਹਿਰ ਦੇ ਵੱਖ-ਵੱਖ ਚੌਕਾਂ 'ਤੇ ਲਗਾਏ ਗਏ ਹਨ। ਇਸ ਦੇ ਨਾਲ ਹੀ ਰੇਡੀਅਮ ਰਿਫਲੈਕਟਰ ਟੇਪ ਲਗਾਉਣ ਦੀ ਮੁਹਿੰਮ ਵੀ ਸ਼ੁਰੂ ਕੀਤੀ ਗਈ ਜਿਸ ਦੀ ਸ਼ੁਰੂਆਤ ਨੰਗਲ ਸ਼ਹੀਦਾਂ ਟੋਲ ਪਲਾਜ਼ਾ, ਲਾਚੋਵਾਲ ਟੋਲ ਪਲਾਜ਼ਾ, ਮਾਨਗੜ੍ਹ ਅਤੇ ਜ਼ਿਲ੍ਹਾ ਜੇਲ੍ਹ ਚੌਕ ਹੁਸ਼ਿਆਰਪੁਰ ਤੋਂ ਕੀਤੀ ਗਈ, ਜੋ ਰਾਤ ਨੂੰ 500 ਮੀਟਰ ਦੀ ਦੂਰੀ ਤੋਂ ਵਾਹਨ ਚਾਲਕਾਂ ਨੂੰ ਦਿਖਾਈ ਦੇਵੇਗੀ ਅਤੇ ਇਸ ਨਾਲ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇਗਾ। ਇਸ ਮੌਕੇ ਕਲੱਬ ਦੇ ਸੀਨੀਅਰ ਮੈਂਬਰ ਪੀ.ਆਰ.ਓ. ਉੱਘੇ ਸਮਾਜ ਸੇਵੀ ਸੰਜੀਵ ਅਰੋੜਾ ਨੇ ਵਿਜੇ ਅਰੋੜਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸ੍ਰੀ ਅਰੋੜਾ ਲੰਬੇ ਸਮੇਂ ਤੋਂ ਟ੍ਰੈਫਿਕ ਪੁਲਿਸ ਨਾਲ ਮਿਲ ਕੇ ਕੰਮ ਕਰ ਰਹੇ ਹਨ ਅਤੇ ਸਰਦੀਆਂ ਦੇ ਮੌਸਮ ਦੌਰਾਨ ਜਦੋਂ ਧੁੰਦ ਕਾਰਨ ਹਾਦਸਿਆਂ ਦੀ ਸੰਭਾਵਨਾ ਹਮੇਸ਼ਾ ਬਨੀ ਰਹਿੰਦੀ ਹੈ ਤਾਂ ਸ੍ਰੀ ਵਿਜੇ ਅਰੋੜਾ ਹਾਦਸਿਆਂ ਵਾਲੇ ਸੰਭਾਵਿਤ ਖੇਤਰਾਂ ਅਤੇ ਗੱਡੀਆਂ ਵਿੱਚ ਰਿਫਲੈਕਟਰ ਲਗਾਉਣ ਵਿੱਚ ਵਿਸ਼ੇਸ਼ ਯੋਗਦਾਨ ਪਾਉਣਦੇ ਰਹਿੰਦੇ ਹਨ। ਇਸ ਮੌਕੇ ਰਿਜਨਲ ਟਰਾਂਸਪੋਰਟ ਅਫਸਰ ਰਵਿੰਦਰ ਸਿੰਘ ਗਿੱਲ ਅਤੇ ਟ੍ਰੈਫਿਕ ਪੁਲਿਸ ਦੇ ਉੱਚ ਅਧਿਕਾਰੀਆਂ ਨੇ ਵਿਜੇ ਅਰੋੜਾ ਦੀ ਸ਼ਲਾਘਾ ਕੀਤੀ ਅਤੇ ਟੋਲ ਪਲਾਜ਼ਿਆਂ 'ਤੇ ਜੋ ਰੇਟਰੋ ਰਿਫਲੈਕਟਰ ਟੇਪ ਲਗਾਈ ਹੈ ਉਹ ਇਕ ਚੰਗਾ ਯੋਗਦਾਨ ਹੈ। ਇਸ ਮੌਕੇ ਲਾਇਨ ਕਲੱਬ ਬਿਸ਼ਵਾਸ ਦੇ ਪ੍ਰਧਾਨ ਲਾਇਨ ਰੋਹਿਤ ਅਗਰਵਾਲ, ਸਕੱਤਰ ਉਮੇਸ਼ ਰਾਣਾ, ਸੰਜੀਵ ਅਰੋੜਾ, ਕੁਮਾਰ ਗੌਰਵ, ਗੌਰਵ ਖੱਟਰ, ਹਰਜੀਤ ਭਾਟੀਆ ਅਤੇ ਟ੍ਰੈਫਿਕ ਇੰਚਾਰਜ ਸੁਰਿੰਦਰ ਪਾਲ ਸਿੰ ਘ ਅਤੇ ਉਨ੍ਹਾਂ ਦੀ ਟੀਮ ਹਾਜ਼ਰ ਸੀ।

## ਅੰਤਰਰਾਸ਼ਟਰੀ ਪੰਜਾਬੀ ਫਿਲਮ ਦਿਵਸ ਮਨਾਇਆ




ਹੁਸ਼ਿਆਰਪੁਰ, 29 ਮਾਰਚ (ਬਲਵੀਰ ਸਿੰਘ ਸੈਣੀ)- ਅੱਜ ਇੱਥੇ ਅੰਤਰਰਾਸ਼ਟਰੀ ਪੰਜਾਬੀ ਫਿਲਮ ਦਿਵਸ ਮੌਕੇ ਸ੍ਰੀ ਗ੍ਰੇਸਾ ਫਿਲਮਜ਼ ਵੱਲੋਂ ਕਲਾਕਾਰ ਮਿਲਣੀ ਅਤੇ ਵਿਚਾਰ-ਵਟਾਂਦਰਾ ਕਰਵਾਇਆ ਗਿਆ। ਇਸ ਮੌਕੇ ਫਿਲਮ ਅਦਾਕਾਰ ਨਿਰਦੇਸ਼ਕ ਚੰਦਰਮੋਹਨ, ਅਸ਼ੋਕ ਖੁਰਾਣਾ, ਨੈਨਸੀ ਅਰੋੜਾ, ਬ੍ਰਿਟਿਸ਼ ਗਾਇਕ ਸ਼ਿਵ ਕੁਮਾਰ ਅਤੇ ਡਾ. ਅਸ਼ੋਕ ਪੁਰੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਮੌਕੇ ਪੰਜਾਬੀ ਫਿਲਮਾਂ ਦੀ ਮੌਜੂਦਾ ਸਥਿਤੀ ਅਤੇ ਸਮੱਸਿਆਵਾਂ ਬਾਰੇ ਚਰਚਾ ਕਰਦਿਆਂ ਸ੍ਰੀ ਚੰਦਰ ਮੋਹਨ ਨੇ ਕਿਹਾ ਕਿ ਪੰਜਾਬੀ ਸਿਨੇਮਾ ਹੁਣ ਵਿਸ਼ਵ ਪੱਧਰੀ ਬਣ ਗਿਆ ਹੈ ਅਤੇ ਇਸ ਦੀਆਂ ਸਮੱਸਿਆਵਾਂ ਵੀ ਭਾਰਤੀ ਸਿਨੇਮਾ ਅਤੇ ਹਾਲੀਵੁੱਡ ਦੀਆਂ ਸਮੱਸਿਆਵਾਂ ਵਰਗੀਆਂ ਹਨ। ਅਸ਼ੋਕ ਖੁਰਾਣਾ ਨੇ ਸਾਰੇ ਕਲਾਕਾਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬੀ ਕਲਾਕਾਰਾਂ ਨੇ ਆਪਣੀ ਪ੍ਰਤਿਭਾ ਅਤੇ ਮਿਹਨਤ ਨਾਲ ਬਾਲੀਵੁੱਡ ਅਤੇ ਹਾਲੀਵੁੱਡ ਵਿੱਚ ਆਪਣਾ ਵਿਸ਼ੇਸ਼ ਸਥਾਨ ਹਾਸਲ ਕੀਤਾ ਹੈ। ਅਸ਼ੋਕ ਪੁਰੀ ਨੇ ਕਿਹਾ ਕਿ ਸਾਨੂੰ ਆਪਣੇ ਅਮੀਰ ਵਿਰਸੇ ਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ ਜਿਸ ਦੇ ਬਲਬੂਤੇ ਤੇ ਪੰਜਾਬੀਆਂ ਨੇ ਪੂਰੀ ਦੁਨੀਆ 'ਚ ਸਫਲਤਾ ਦੇ ਝੰਡੇ ਗੱਢੇ ਹਨ। ਇਸ ਸਮਾਗਮ ਨੂੰ ਸਫਲ ਬਣਾਉਣ ਲਈ ਵਿਵੇਕ ਹਾਸ਼ਿਦ, ਅਵਤਾਰ, ਨੇਹਾ ਮਾਨ, ਕੈਲਾਸ਼ ਮਾਨ, ਨੈਨਸੀ ਅਰੋੜਾ, ਗੁਰਮੇਲ ਧਾਲੀਵਾਲ, ਅੰਮ੍ਰਿਤ ਲਾਲ, ਹਰਪ੍ਰੀਤ, ਕੈਮਰਾਮੈਨ ਐਮ.ਸੀ. ਕੈਮ, ਮੇਕਅੱਪ ਮੈਨ ਸਚਿਨ ਨਾਹਰ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਇਸ ਮੌਕੇ ਨਿਰਦੇਸ਼ਕ ਅਤੇ ਅਦਾਕਾਰ ਚੰਦਰ ਮੋਹਨ ਅਤੇ ਡਾ. ਅਸ਼ੋਕ ਪੁਰੀ ਨੂੰ ਉਨ੍ਹਾਂ ਦੇ ਪੰਜਾਬੀ ਸਿਨੇਮਾ ਵਿੱਚ ਵਿਸ਼ੇਸ਼ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।





ਖੰਨਾ ਵਿਸ਼ਾਲ ਖੂਨਦਾਨ ਕੈਂਪ ਦਾ ਆਯੋਜਨ ਖੰਨਾ ਦੀਆਂ ਪ੍ਰਸਿੱਧ ਸਮਾਜ ਸੇਵੀ ਸੰਸਥਾਵਾਂ ਵੱਲੋਂ ਜੀ. ਟੀ. ਬੀ.ਮਾਰਕੀਟ ਖੰਨਾ ਵਿਖੇ ਮੋਬਾਇਲ ਵੈਨ ਰਾਹੀ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ ਸਿਵਲ ਹਸਪਤਾਲ ਲੁਧਿਆਣਾ ਤੋਂ ਡਾਕਟਰਾਂ ਦੀ ਟੀਮ ਵਿਸ਼ੇਸ਼ ਤੌਰ ਤੇ ਪਹੁੰਚੀ ਇਸ ਮੌਕੇ ਸਮਾਜ ਸੇਵੀ ਸੰਸਥਾ ਹਿਊਮਨ ਵੈਲਫੇਅਰ ਬਲੱਡ ਡੋਨਰ ਐਸੋਸੀਏਸ਼ਨ ਅਤੇ ਖੰਨਾ ਦੀਆਂ ਪ੍ਰਸਿੱਧ ਸਮਾਜ ਸੇਵੀ ਸੰਸਥਾਵਾਂ ਵੱਲੋਂ ਆਪਣਾ ਯੋਗਦਾਨ ਪਾਇਆ ਗਿਆ । ਫੋਟੋ ਅਤੇ ਵੇਰਵਾ : ਓਮਕਾਰ ਸਿੰਘ ਸੱਤੂ ਖੰਨਾ

### ਸ਼੍ਰੀ ਸ਼ਾਦੀ ਲਾਲ ਆਂਗਰਾ ਦੀ ਯਾਦ ਵਿੱਚ ਲਾਇਆ ਫ਼ਰੀ ਮੈਡੀਕਲ ਕੈਂਪ

## 150 ਦੇ ਕਰੀਬ ਮਰੀਜ਼ਾਂ ਦਾ ਕੀਤਾ ਗਿਆ ਚੈੱਕ ਅੱਪ



ਨੰਗਲ, 29 ਮਾਰਚ (ਰਾਜਿੰਦਰ ਧੀਮਾਨ, ਰਵਿੰਦਰ ਸਿੰਮੂ)-ਨਜ਼ਦੀਕੀ ਕਸਬਾ ਭਨੁਪਲੀ ਵਿਖੇ ਅੱਜ ਸ਼੍ਰੀ ਸ਼ਾਦੀ ਲਾਲ ਆਂਗਰਾ ਮੈਮੋਰੀਅਲ ਸੁਸਾਇਟੀ ਵਲੋਂ ਇੱਕ ਮੈਡੀਕਲ ਚੈੱਕ ਅੱਪ ਕੈਂਪ ਦਾ ਲਗਾਇਆ ਗਿਆ। ਜਿਸ ਵਿੱਚ ਇਲਾਕੇ ਦੇ ਮਸ਼ਹੂਰ ਡਾਕਟਰ ਮਨੀਸ਼ ਬੈਂਸ ਐਮਬੀਬੀਐਸ ਐਮਡੀ ਮੈਡੀਸਨ ਨੇ 150 ਦੇ ਕਰੀਬ ਮਰੀਜ਼ਾਂ ਦਾ ਚੈੱਕ ਅਪ ਕੀਤਾ।ਜਿਸ ਵਿੱਚ ਸ਼ੂਗਰ, ਥਈਰਾਇਡ,ਗੁਰਦੇ,ਬੀਪੀ, ਦਿਲ, ਲੀਵਰ, ਬੁਖਾਰ, ਜੁਖਾਮ, ਜੋੜਾਂ ਦੇ ਰੋਗ, ਚਮੜੀ ਦੇ ਰੋਗਾਂ ਦਾ ਚੈੱਕ ਅੱਪ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ ਅਤੇ ਲੋੜੀਂਦੇ ਟੈਸਟ ਵੀ ਕੀਤੇ। ਇਸ ਕੈਂਪ ਦਾ ਉਦਘਾਟਨ ਸਵਾਮੀ ਕਿਰਪਾਲਾ ਨੰਦ ਦੜੋਲੀ ਵਾਲਿਆਂ ਨੇ ਕੀਤਾ।ਇਲਾਕੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਮੌਕੇ ਤੇ ਪਹੁੰਚ ਕੇ ਵੱਖ ਵੱਖ ਬਿਮਾਰੀਆਂ ਦੀਆਂ ਦਵਾਈਆਂ ਲਈਆਂ ਅਤੇ ਚੈੱਕ ਅੱਪ ਕਰਵਾਇਆ।ਇਸ ਮੌਕੇ ਤੇ ਪ੍ਰਬੰਧਕ ਮਾਸਟਰ ਵਿਕਾਸ ਸੋਨੀ ਨੇ ਦੱਸਿਆ ਕਿ ਡਾਕਟਰ ਮਨੀਸ਼ ਬੈਂਸ ਨਾਲ ਲੱਗਦੇ ਪਿੰਡ ਬ੍ਰਹਮਪੁਰ ਦੇ ਜੰਮਪਲ ਹਨ।ਜੋ ਕਿ ਪੀਜੀਆਈ ਚੰਡੀਗੜ੍ਹ,ਜੀ ਐਮ ਸੀ ਸੈਕਟਰ 32 ਦੇ ਵਿੱਚ ਕੰਮ ਕੀਤਾ ਤੇ ਅੰਮ੍ਰਿਤਸਰ ਵਿਖੇ ਸੇਵਾ ਨਿਭਾਅ ਰਹੇ ਹਨ ਉਹ ਪਿਛਲੇ ਲੰਬੇ ਸਮੇਂ ਤੋਂ ਖੂਨਦਾਨ ਕੈਂਪ ਤਾਂ ਲਗਾਤਾਰ ਲਗਾਉਂਦੇ ਆ ਰਹੇ ਹਨ ਤੇ ਹੁਣ ਅੱਜ ਪਹਿਲੀ ਵਾਰ ਮੈਡੀਕਲ ਕੈਂਪ ਲਗਾ ਕੇ ਇਲਾਕੇ ਦੇ ਗਰੀਬ ਲੋੜਵੰਦ ਲੋਕਾਂ ਦੀ ਸੇਵਾ ਕੀਤੀ ਹੈ ਉਹਨਾਂ ਨੇ ਕਿਹਾ ਕਿ ਲੋੜਵੰਦ ਲੋਕਾਂ ਨੂੰ ਦਵਾਈਆਂ ਦਿੱਤੀਆਂ ਗਈਆਂ ਅਤੇ ਮੈਡੀਕਲ ਟੈਸਟ ਵੀ ਕੀਤੇ ਗਏ। ਇਸ ਕੈਂਪ ਦਾ ਇਲਾਕੇ ਦੇ ਲੋਕਾਂ ਨੂੰ ਕਾਫੀ ਲਾਭ ਮਿਲਿਆ।ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਪ੍ਰਦੀਪ ਸੋਨੀ, ਨੰਬਰਦਾਰ ਡਾਕਟਰ ਰਵਿੰਦਰ ਦੀਵਾਨ, ਐਡਵੋਕੇਟ ਵਿਸ਼ਾਲ ਸੈਣੀ,ਸੇਵਾ ਮੁਕਤ ਲੈਕਚਰਾਰ ਬਲਦੇਵ ਸਿੰਘ ਬੈਂਸ,ਗੁਰਪ੍ਰੀਤ ਕੌਰ ਬੈਂਸ, ਕਮਲ, ਮਾਸਟਰ ਦਿਲਾਵਰ ਸਿੰਘ ਗੱਗ , ਕਾਮਰੇਡ ਸੁਰਜੀਤ ਸਿੰਘ ਢੇਰ, ਏਕੇ ਬੇਦੀ, ਬਲਰਾਮ ਪਰਾਸ਼ਰ, ਮਹੰਤ ਬਚਨ,ਦਾਵਿੰਦਰ ਕੌਸ਼ਲ, ਲੋਕ ਨਾਥ ਆਂਗਰਾ ਰਿਟਾਇਰਡ ਆਈਪੀਐਸ, ਪਿਆਰਾ ਸਿੰਘ ਜਸਵਾਲ,ਬਹਾਦਰ ਸਿੰਘ, ਮਹੰਤ ਬਚਨ ਦਾਸ,ਤਰਲੋਚਨ ਸਿੰਘ, ਬਲਵੀਰ ਸਿੰਘ, ਅੰਕੁਸ਼ ਚੌਧਰੀ, ਮਾਸਟਰ ਗੁਰਵਿੰਦਰ ਸਿੰਘ ਸਸਕੌਰ ਪ੍ਰਧਾਨ ਜੀ ਟੀ ਯੂ, ਮਾਸਟਰ ਜਸਕਰਨ ਸਿੰਘ ਸਮੇਤ ਹੋਰ ਲੋਕ ਹਾਜ਼ਰ ਸਨ।

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਸ਼ਨਿੱਚਰਵਾਰ, 30 ਮਾਰਚ 2024






## ਇੱਕ ਨਜ਼ਰ



## ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਗੁਰੂ ਘਰ ਕਲਵਾਂ ਵਿਖੇ ਹੋਏ ਨਤਮਸਤਕ

ਕਲਵਾਂ, ਨੂਰਪੁਰ ਬੇਦੀ, 29 ਮਾਰਚ (ਕੁਲਦੀਪ ਸੈਣੀ ਮੁਕਾਰੀ)-ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਅਤੇ ਭਾਜਪਾ ਕੇਂਦਰੀ ਸੰਸਦੀ ਬੋਰਡ ਤੇ ਕੇਂਦਰੀ ਚੋਣ ਕਮੇਟੀ ਦੇ ਮੈਂਬਰ ਸਰਦਾਰ ਇਕਬਾਲ ਸਿੰਘ ਲਾਲਪੁਰਾ ਤੇ ਉਨ੍ਹਾਂ ਦੇ ਫਰਜ਼ੰਦ ਭਾਜਪਾ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਸਰਦਾਰ ਅਜੈਵੀਰ ਸਿੰਘ ਲਾਲਪੁਰਾ ਅੱਜ ਗੁਰਦੁਆਰਾ ਸਾਹਿਬ ਕਲਵਾਂ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਸਰਬੱਤ ਦੇ ਭਲੇ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਚੇਅਰਮੈਨ ਲਾਲਪੁਰਾ ਨੇ ਕਿਹਾ ਕਿ ਅਜੋਕੇ ਸਮੇਂ ਵਿਚ ਪੰਜਾਬ ਕਈ ਤਰ੍ਹਾਂ ਦੀਆਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ ਕਿਉਂਕਿ ਪੰਜਾਬ ਸਰਕਾਰ ਦਿਸ਼ਾਹੀਣ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਰਾਜਾ ਨਹੀਂ ਬਲਕਿ ਸੇਵਾਦਾਰ ਚਾਹੀਦਾ ਹੈ ਜੋ ਸ਼ੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਸੂਲਾਂ 'ਤੇ ਚੱਲਦੇ ਹੋਏ ਪੰਜਾਬ ਦੀ ਤਰੱਕੀ ਵਿਚ ਵਿਸਥਾਰ ਕਰੇ। ਲਾਲਪੁਰਾ ਨੇ ਕਿਹਾ ਸਾਡੇ ਪੰਜਾਬ ਵਿਚ ਸਭ ਤੋਂ ਵੱਡੀ ਸਮੱਸਿਆ ਨੌਜਵਾਨਾਂ ਦੀ ਵਿਦੇਸ਼ਾਂ ਨੂੰ ਹੋ ਰਹੀ ਹਿਜ਼ਰਤ ਹੈ, ਜਿਸ ਨੂੰ ਰੋਕਣ ਲਈ ਪੰਜਾਬ ਸਰਕਾਰ ਅਸਮੱਰਥ ਜਾਪਦੀ ਹੈ ਤੇ ਪੰਜਾਬ ਦੀ ਹੋਂਦ ਨੂੰ ਬਚਾਉਣ ਲਈ ਇਸ ਹਿਜ਼ਰਤ ਨੂੰ ਰੋਕਣਾ ਸਮੇਂ ਦੀ ਲੋੜ ਹੈ। ਇਸ ਮੌਕੇ ਅਜੈਵੀਰ ਸਿੰਘ ਲਾਲਪੁਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਿਆ ਹੈ, ਤੇ ਗੁਰਾਂ ਦੀ ਇਸ ਪਵਿੱਤਰ ਧਰਤੀ ਨੂੰ ਮੁੜ ਸੋਨੇ ਦੀ ਚਿੜ੍ਹੀ ਬਣਾਉਣ ਲਈ ਸਾਨੂੰ ਸਾਰਿਆਂ ਨੂੰ ਪੰਜਾਬ ਦੇ ਹਿੱਤਾਂ ਲਈ ਸਮਰਪਣ ਭਾਵਨਾ ਨਾਲ ਅਹਿਦ ਕਰਨ ਦੀ ਜ਼ਰੂਰਤ ਹੈ। ਇਸ ਮੌਕੇ ਭਾਗ ਸਿੰਘ ਲੰਬੜਦਾਰ ਕਲਵਾਂ, ਵੀਰ ਸਿੰਘ, ਅਮਰਪਾਲ ਸਿੰਘ, ਤਰਨਪ੍ਰੀਤ ਸਿੰਘ, ਸਿਮਰਨਦੀਪ ਆਦਿ ਮੌਜੂਦ ਸਨ।

### ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ

## ਹੋਲੇ ਮਹੱਲੇ ਸਮੇਂ ਕੀਤਾ ਜਾਂਦਾ ਸਨਮਾਨ ਪੰਥਕ ਸੰਸਥਾਵਾਂ ਤੇ ਸਿੱਖ ਵਿਦਵਾਨਾਂ ਵਿੱਚ ਨੇੜੇ ਹੋਣ ਦਾ ਸਬੱਬ ਬਣੇਗਾ



ਸ੍ਰੀ ਅਨੰਦਪੁਰ ਸਾਹਿਬ, 29 ਮਾਰਚ ( ਰਾਜਿੰਦਰ ਧੀਮਾਨ, ਰਵਿੰਦਰ ਸਿੰਮੂ) ਉਘੇ ਸਿੱਖ ਵਿਦਵਾਨ ਪ੍ਰੋ: ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪ੍ਰੋ: ਡਾ. ਧਰਮ ਸਿੰਘ ਸਾਬਕਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਹੋਲੇ ਮਹੱਲੇ ਸਮੇਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਿਆਂ ਕਿਹਾ ਕਿ ਨਿਹੰਗ ਸਿੰਘ ਦਲਾਂ ਅਤੇ ਸਿੱਖ ਵਿਦਵਾਨਾਂ ਵਿੱਚ ਪਈਆਂ ਦੂਰੀਆਂ ਤੇ ਕਈ ਭ੍ਰਮ ਭੁਲੇਖਿਆਂ ਨੂੰ ਦੂਰ ਕਰਨ ਲਈ ਉਘੇ ਸਿੱਖ ਚਿੰਤਕ ਸ. ਦਿਲਜੀਤ ਸਿੰਘ ਬੇਦੀ ਵੱਲੋਂ ਕੀਤੇ ਜਾ ਰਹੇ ਯਤਨ ਨਿਕਟ ਭਵਿੱਖ ਵਿੱਚ ਚੰਗੇਰੇ ਤੇ ਸ਼ਾਨਦਾਰ ਸਿੱਟੇ ਕੱਢੇਗਾ। ਦੋਹਾਂ ਵਿਦਵਾਨਾਂ ਨੇ ਕਿਹਾ ਕਿ ਲੰਮੇ ਸਮੇਂ ਤੋਂ ਸਿੱਖ ਇਤਿਹਾਸ ਤੇ ਕੰਮ ਕਰਨ ਵਾਲੇ ਵਿਦਵਾਨਾਂ ਅਤੇ ਨਿਹੰਗ ਸਿੰਘ ਦਲਾਂ ਵਿੱਚ ਤਾਲਮੇਲ ਦੀ ਘਾਟ ਸੀ, ਉਸ ਘਾਟ ਨੂੰ ਦੂਰ ਕਰਨ ਲਈ ਬੁੱਢਾ ਦਲ ਦੇ ਸੱਕਤਰ ਵਜੋਂ ਸੇਵਾ ਨਿਭਾ ਰਹੇ ਸ. ਦਿਲਜੀਤ ਸਿੰਘ ਬੇਦੀ ਇਮਾਨਦਾਰੀ ਤੇ ਸਾਫ਼ਗੋਈ ਨਾਲ ਨਿੱਗਰ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਹੋਲੇ ਮਹੱਲੇ ਅਤੇ ਖਾਲਸੇ ਦੇ ਸਿਰਜਨਾ ਦਿਵਸ, ਬੰਦੀ ਛੋੜ ਦਿਵਸ ਅਤੇ ਵਿਸ਼ੇਸ਼ ਪੁਰਬਾਂ ਤੇ ਕਰਵਾਏ ਜਾਂਦੇ ਸ਼ਸਤਰ ਯੁੱਧ ਕਲਾ ਗੱਤਕਾ ਮੁਕਾਬਲਿਆਂ ਜਾਂ ਵਿਸ਼ੇਸ਼ ਸੈਮੀਨਾਰਾਂ ਦੌਰਾਨ ਅਜਿਹੇ ਜਤਨਾਂ ਲਈ ਬੁੱਢਾ ਦਲ ਦੇ ਮੁਖੀ ਵਿਸ਼ੇਸ਼ ਤੌਰ ਤੇ ਧੰਨਵਾਦ ਤੇ ਵਧਾਈ ਦੇ ਪਾਤਰ ਹਨ। ਉਨ੍ਹਾਂ ਕਿਹਾ ਕਿ ਨਿਹੰਗ ਸਿੰਘਾਂ ਦੇ ਬਹੁਤ ਕੀਮਤੀ ਸ਼ਾਨਾਮੱਤਾ ਇਤਿਹਾਸ ਅੱਖੋ ਓਹਲੇ ਹੋ ਚੁੱਕਾ ਹੈ। ਸਿੱਖ ਇਤਿਹਾਸ ਨੂੰ ਉਜਾਗਰ ਕਰਨ ਲਈ ਸਮਾਂ ਬੱਧ ਸਿੱਖ ਵਿਦਵਾਨਾਂ ਨੂੰ ਇਸ ਪੱਖ ਵੱਲ ਸਹਿਯੋਗ ਮਈ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਭਾਵੇਂ ਕਈਆਂ ਪੱਖਾਂ ਤੇ ਸਰੋਤਾਂ ਦੀ ਘਾਟ ਹੈ ਪਰ ਫਿਰ ਵੀ ਖੋਜ ਕਰਨੀ ਵੀ ਵਿਦਵਾਨਾਂ ਦਾ ਹੀ ਕੰਮ ਹੈ। ਏਸੇ ਦੌਰਾਨ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਦਸਿਆ ਕਿ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਪੰਜਵਾਂ ਤਖ਼ਤ ਵੱਲੋਂ ਡਾ. ਦੇਵਿੰਦਰ ਸਿੰਘ ਗ੍ਰੇਵਾਲ, ਡਾ. ਅੱਛਰੂ ਸਿੰਘ, ਡਾ. ਰੂਪ ਸਿੰਘ, ਗਿ. ਭਗਵਾਨ ਸਿੰਘ ਜੌਹਲ, ਸੰਤ ਤੇਜਾ ਸਿੰਘ ਖੁੱਡਾਕੁਰਾਲਾ, ਡਾ. ਜਸਬੀਰ ਸਿੰਘ ਸਰਨਾ, ਡਾ, ਇੰਦਰਜੀਤ ਸਿੰਘ ਗੋਗੋਆਣੀ, ਪਦਮ ਸ੍ਰੀ ਜਗਜੀਤ ਸਿੰਘ ਦਰਦੀ, ਗੁਰਮਤਿ ਸੰਗੀਤ ਦੇ ਸ਼ਾਸਤਰੀ ਡਾ. ਗੁਰਨਾਮ ਸਿੰਘ, ਗੁਰਮਤਿ ਦਾ ਪ੍ਰਚਾਰ ਕਰਨ ਵਾਲਿਆਂ ਵਿੱਚ ਬੀਬੀ ਜਗੀਰ ਕੌਰ, ਜਥੇ. ਅਵਤਾਰ ਸਿੰਘ ਮੱਕੜ, ਭਾਈ ਗੋਬਿੰਦ ਸਿੰਘ ਲੋਗੋਂਵਾਲ, ਸ. ਹਰਜਿੰਦਰ ਸਿੰਘ ਧਾਮੀ, ਬਾਬਾ ਹਰਨਾਮ ਸਿੰਘ ਖਾਲਸਾ, ਸੰਤ ਜਗਜੀਤ ਸਿੰਘ ਹਰਖੋਵਾਲ, ਬਾਬਾ ਅਮੀਰ ਸਿੰਘ ਜਵੱਦੀਕਲਾਂ, ਬਾਬਾ ਬੁੱਧ ਸਿੰਘ ਨਿੱਕੇ ਘੁੰਮਣ, ਸ. ਇੰਦਰਬੀਰ ਸਿੰਘ ਨਿੱਜਰ, ਭਾਈ ਪ੍ਰਿਤਪਾਲ ਸਿੰਘ, ਮਾਤਾ ਵਿਪਨਪ੍ਰੀਤ ਕੌਰ ਲੁਧਿਆਣਾ, ਭਾਈ ਗੁਰਇਕਬਾਲ ਸਿੰਘ, ਨਿਹੰਗ ਸਿੰਘ ਦਲਾਂ ਦੇ ਮੁਖੀ ਬਾਬਾ ਅਵਤਾਰ ਸਿੰਘ, ਬਾਬਾ ਨਿਹਾਲ ਸਿੰਘ, ਬਾਬਾ ਮੇਜਰ ਸਿੰਘ ਅਤੇ ਸੇਵਾ ਪੰਥੀ ਸੰਤ ਕਰਮਜੀਤ ਸਿੰਘ, ਨਾਨਕਸਰ ਸੰਪ੍ਰਦਾ ਦੇ ਮੁਖੀ ਬਾਬਾ ਘਾਲਾ ਸਿੰਘ, ਬਾਬਾ ਲੱਖਾ ਸਿੰਘ ਅਤੇ ਹੋਰ ਸੰਸਥਾਵਾਂ ਦੇ ਮੁਖੀ ਸਾਹਿਬਾਨਾਂ ਆਦਿ ਦਾ ਸਨਮਾਨ ਕੀਤਾ ਜਾ ਚੁੱਕਾ ਹੈ।

### ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ 'ਚ

## ਸਿੱਖ ਮਸਲਿਆਂ ਸਬੰਧੀ ਅਹਿਮ ਮਤੇ ਪਾਸ





ਅੰਮ੍ਰਿਤਸਰ, 29 ਮਾਰਚ (ਹਰਪਾਲ ਸਿੰਘ ਭੰਗੂ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜਟ ਇਜਲਾਸ ਦੌਰਾਨ ਸਿੱਖ ਮਾਮਲਿਆਂ ਨਾਲ ਸਬੰਧਤ ਕਈ ਅਹਿਮ ਮਤੇ ਪਾਸ ਕੀਤੇ ਗਏ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ ਗਏ ਇਨ੍ਹਾਂ ਮਤਿਆਂ ਵਿਚ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਮਤੇ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਮਾਮਲੇ 'ਚ ਡੇਰਾ ਸਿਰਸਾ ਮੁਖੀ ਰਾਮ ਰਹੀਮ ਤੇ ਹਨੀਪ੍ਰੀਤ ਦੀ ਗ੍ਰਿਫ਼ਤਾਰੀ ਦੀ ਮੰਗ, ਸਿੱਖ ਗੁਰਧਾਮਾਂ ਦੇ ਪ੍ਰਬੰਧਾਂ 'ਚ ਸਰਕਾਰੀ ਦਖ਼ਲਅੰਦਾਜ਼ੀ ਦਾ ਵਿਰੋਧ ਕਰਨ ਸਮੇਤ ਪਾਕਿਸਤਾਨ ਅੰਦਰ ਸਿੱਖ ਵਿਰਾਸਤਾਂ ਦੀ ਸੰਭਾਲ ਵੱਲ ਧਿਆਨ ਦੇਣ ਆਦਿ ਮਤੇ ਸ਼ਾਮਲ ਹਨ। ਬੰਦੀ ਸਿੰਘਾਂ ਸਬੰਧੀ ਪਾਸ ਕੀਤੇ ਗਏ ਮਤੇ ਵਿਚ ਕਿਹਾ ਗਿਆ ਕਿ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਸਿੱਖਾਂ ਦੀ ਰਿਹਾਈ ਪ੍ਰਤੀ ਸਰਕਾਰਾਂ ਦੀ ਉਦਾਸੀਨਤਾ ਆਪਣੇ ਹੀ ਦੇਸ਼ ਅੰਦਰ ਸਿੱਖਾਂ ਨਾਲ ਵੱਡਾ ਵਿਤਕਰਾ ਤੇ ਵਖਰੇਵਾਂ ਹੈ। ਸਿੱਖ ਬੰਦੀਆਂ ਨਾਲ ਮਨੁੱਖੀ ਅਧਿਕਾਰਾਂ ਦੀ ਅਣਦੇਖੀ ਕਰਕੇ ਅਨਿਆਂ ਕੀਤਾ ਜਾ ਰਿਹਾ ਹੈ, ਕਿਉਂਕਿ ਇਨ੍ਹਾਂ ਨੇ ਉਮਰ ਕੈਦ ਤੋਂ ਵੀ ਦੁਗਣੀਆਂ ਸਜ਼ਾਵਾਂ ਸੰਵਿਧਾਨ ਦੇ ਦਾਇਰੇ ਅੰਦਰ ਰਹਿ ਕੇ ਭੁਗਤ ਲਈਆਂ ਹਨ। ਇਸ ਮਤੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਤ ਕੀਤੀ ਉੱਚ ਪੱਧਰੀ ਪੰਜ ਮੈਂਬਰੀ ਕਮੇਟੀ ਪ੍ਰਤੀ ਕੇਂਦਰ ਸਰਕਾਰ ਦੇ ਨਕਾਰਾਤਮਕ ਰਵੱਈਏ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਅਤੇ ਮਾਣ-ਸਤਿਕਾਰ ਪ੍ਰਤੀ ਗ਼ੈਰ-ਸੰਜੀਦਾ ਪਹੁੰਚ ਕਰਾਰ ਦਿੱਤਾ। ਮਤੇ ਰਾਹੀਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਤਿਕਾਰ ਕਰਦਿਆਂ ਬੰਦੀ ਸਿੰਘਾਂ ਦੇ ਮਾਮਲੇ 'ਤੇ ਪੰਜ ਮੈਂਬਰੀ ਕਮੇਟੀ ਰਾਹੀਂ ਗੱਲਬਾਤ ਦਾ ਰਾਹ ਖੋਲ੍ਹੇ ਅਤੇ ਸਿੱਖ ਕੌਮ ਨੂੰ ਸੰਘਰਸ਼ ਦੇ ਰਾਹ 'ਤੇ ਤੁਰਨ ਲਈ ਮਜ਼ਬੂਰ ਨਾ ਕਰੇ। ਇਕ ਮਤੇ ਰਾਹੀਂ ਸਾਲ 2015 ਵਿਚ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਮਾਮਲੇ ਵਿੱਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਉਸ ਦੀ ਪੈਰੋਕਾਰ ਹਨੀਪ੍ਰੀਤ ਦੀ ਤੁਰੰਤ ਗ੍ਰਿਫਤਾਰੀ ਦੀ ਮੰਗ ਕੀਤੀ ਗਈ। ਮਤੇ ਵਿਚ ਕਿਹਾ ਗਿਆ ਕਿ ਇਸ ਮਾਮਲੇ ਵਿਚ ਬੀਤੇ ਸਮੇਂ ਗ੍ਰਿਫ਼ਤਾਰ ਕੀਤੇ ਗਏ ਸਿਰਸਾ ਡੇਰੇ ਦੇ ਪੈਰੋਕਾਰ ਪ੍ਰਦੀਪ ਕਲੇਰ ਵੱਲੋਂ ਚੰਡੀਗੜ੍ਹ ਦੀ ਅਦਾਲਤ 'ਚ ਕੀਤੇ ਖੁਲਾਸਿਆਂ ਤੋਂ ਸਪੱਸ਼ਟ ਹੋ ਚੁੱਕਾ ਹੈ ਕਿ ਇਸ ਸਿੱਖ ਵਿਰੋਧੀ ਵਰਤਾਰੇ ਪਿੱਛੇ ਮੁੱਖ ਸਾਜ਼ਿਸ਼ਘਾੜੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਹਨੀਪ੍ਰੀਤ ਹਨ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਸਿੱਖਾਂ ਨੂੰ ਇਨਸਾਫ਼ ਦੇਣ ਲਈ ਅਦਾਲਤੀ ਪ੍ਰਕਿਰਿਆ ਰਾਹੀਂ ਡੇਰਾ ਸਿਰਸਾ ਮੁਖੀ ਨੂੰ ਹਿਰਾਸਤ ਵਿਚ ਲਵੇ ਅਤੇ ਇਸ ਦੇ ਨਾਲ ਹੀ ਹਨੀਪ੍ਰੀਤ ਨੂੰ ਤੁਰੰਤ ਹੀ ਗ੍ਰਿਫ਼ਤਾਰ ਕੀਤਾ ਜਾਵੇ। ਦੇਸ਼ ਦੇ ਕਿਸਾਨਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਲਈ ਕੀਤੇ ਜਾ ਰਹੇ ਸੰਘਰਸ਼ ਦੀ ਵੀ ਇਕ ਮਤੇ ਰਾਹੀਂ ਪੁਰਜ਼ੋਰ ਹਮਾਇਤ ਕੀਤੀ ਗਈ। ਇਸ ਵਿਚ ਕੇਂਦਰ ਸਰਕਾਰ ਦੀ ਸ਼ਿਹ 'ਤੇ ਹਰਿਆਣਾ ਦੀ ਸਰਕਾਰ ਵੱਲੋਂ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ, ਵੱਡੀ ਗਿਣਤੀ ਵਿਚ ਰਬੜ ਦੀਆਂ ਗੋਲੀਆਂ ਚਲਾਉਣ ਤੇ ਅੱਥਰੂ ਗੈਸ ਦੇ ਗੋਲੇ ਸੁੱਟਣ, ਪਾਣੀ ਦੀਆਂ ਬੁਛਾੜਾਂ ਅਤੇ ਲਾਠੀ ਚਾਰਜ ਕਰਨ ਦੇ ਨਾਲ-ਨਾਲ ਪੰਜਾਬ ਸਰਕਾਰ ਵੱਲੋਂ ਕੇਂਦਰ ਨਾਲ ਰਲ ਕੇ ਹਰਿਆਣਾ ਸਰਕਾਰ ਨੂੰ ਪੰਜਾਬ ਦੀ ਹੱਦ ਵਿਚ ਕਿਸਾਨਾਂ 'ਤੇ ਤਸ਼ੱਦਦ ਕਰਨ ਦੀ ਖੁੱਲ੍ਹ ਦੇਣ ਨੂੰ ਅਣਮਨੁੱਖੀ ਵਰਤਾਰਾ ਕਰਾਰ ਦਿੰਦਿਆਂ ਇਸ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕੀਤੀ ਗਈ। ਇਕ ਹੋਰ ਮਤੇ ਵਿਚ ਸਿੱਖ ਕੌਮ ਦੀਆਂ ਸੰਸਥਾਵਾਂ ਵਿਚ ਸਰਕਾਰਾਂ ਵੱਲੋਂ ਕੀਤੀ ਜਾ ਰਹੀ ਦਖ਼ਲਅੰਦਾਜ਼ੀ ਦੀ ਸਖ਼ਤ ਨਿੰਦਾ ਕੀਤੀ ਗਈ। ਮਤੇ ਵਿਚ ਤਾੜਨਾ ਕੀਤੀ ਗਈ ਕਿ ਸਰਕਾਰਾਂ ਸਿੱਖ ਸੰਸਥਾਵਾਂ ਵਿਚ ਕਿਸੇ ਵੀ ਤਰ੍ਹਾਂ ਦੀ ਦਖ਼ਲਅੰਦਾਜ਼ੀ ਤੋਂ ਬਾਜ ਆਉਣ। ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਅਤੇ ਹੋਰ ਸਿੰਘਾਂ 'ਤੇ ਲਗਾਈ ਗਈ ਐਨਐਸਏ ਵਿੱਚ ਇੱਕ ਸਾਲ ਦਾ ਹੋਰ ਵਾਧਾ ਕਰਨ ਦੀ ਵੀ ਇਕ ਮਤੇ ਰਾਹੀਂ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਇਸ ਮਤੇ ਵਿਚ ਕਿਹਾ ਗਿਆ ਕਿ ਇਨ੍ਹਾਂ ਨੌਜੁਆਨਾਂ ਵੱਲੋਂ ਕੋਈ ਅਜਿਹਾ ਗੁਨਾਹ ਨਹੀਂ ਕੀਤਾ ਗਿਆ ਕਿ ਇਨ੍ਹਾਂ ਨੂੰ ਦੇਸ਼ ਵਿਰੋਧੀ ਗਰਦਾਨ ਕੇ ਸੂਬੇ ਤੋਂ ਬਾਹਰ ਹਜ਼ਾਰਾਂ ਕਿਲੋਮੀਟਰ ਦੂਰ ਜੇਲ੍ਹਾਂ ਵਿਚ ਬੰਦ ਰੱਖਿਆ ਜਾਵੇ। ਇਹ ਮਨੁੱਖੀ ਅਧਿਕਾਰਾਂ ਦੇ ਮੱਦੇਨਜ਼ਰ ਉਚਿਤ ਕਾਰਵਾਈ ਨਹੀਂ ਹੈ। ਮਤੇ ਵਿਚ ਪੰਜਾਬ ਸਰਕਾਰ ਨੂੰ ਕਿਹਾ ਗਿਆ ਕਿ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਨੌਜੁਆਨਾਂ 'ਤੇ ਲਗਾਈ ਗਈ ਐਨਐਸਏ ਖ਼ਤਮ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਤਬਦੀਲ ਕਰਕੇ ਉਨ੍ਹਾਂ ਦੇ ਮਨੁੱਖੀ ਹੱਕ-ਹਕੂਕ ਸੁਰੱਖਿਅਤ ਰੱਖੇ ਜਾਣ। ਜਨਰਲ ਇਜਲਾਸ ਨੇ ਪਾਕਿਸਤਾਨ 'ਚ ਪੰਜਾਬ ਦੀ ਨਵੀਂ ਬਣੀ ਮੁੱਖ ਮੰਤਰੀ ਮਰੀਅਮ ਨਵਾਜ਼ ਵੱਲੋਂ ਸੂਬੇ ਦੇ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਸਬੰਧੀ ਕੀਤੇ ਐਲਾਨ ਦਾ ਸਵਾਗਤ ਕੀਤਾ ਅਤੇ ਪਾਕਿਸਤਾਨ ਸਰਕਾਰ ਨੂੰ ਉਥੇ ਸਥਿਤ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀਆਂ ਜਾਇਦਾਦਾਂ 'ਤੇ ਹੋਏ ਨਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਉਣ ਲਈ ਵੀ ਆਖਿਆ। ਕਿਹਾ ਗਿਆ ਕਿ ਪਾਕਿਸਤਾਨ ਅੰਦਰ ਵੱਡੀ ਗਿਣਤੀ ਵਿਚ ਸਿੱਖ ਵਿਰਾਸਤ ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ ਵਜੋਂ ਮੌਜੂਦ ਹੈ, ਜਿਨ੍ਹਾਂ ਦਾ ਠੀਕ ਢੰਗ ਨਾਲ ਰੱਖ-ਰਖਾਅ ਪਾਕਿਸਤਾਨ ਸਰਕਾਰ ਦੀ ਜ਼ੁੰਮੇਵਾਰੀ ਹੈ। ਪਾਕਿਸਤਾਨ ਅੰਦਰ ਸਿੱਖ ਵਿਰਾਸਤ ਦੀ ਸਾਂਭ-ਸੰਭਾਲ ਵਾਸਤੇ ਸਿੱਖ ਸੰਸਥਾ ਵੱਲੋਂ ਹਰ ਤਰ੍ਹਾਂ ਦੇ ਸਹਿਯੋਗ ਦੀ ਵੀ ਵਚਨਬੱਧਤਾ ਪ੍ਰਗਟਾਈ ਗਈ। ਜਨਰਲ ਇਜਲਾਸ ਨੇ ਇਕ ਮਤੇ ਰਾਹੀਂ ਪੰਜਾਬ ਤੋਂ ਬਾਹਰਲੇ ਸੂਬਿਆਂ 'ਚ ਸਿੱਖ ਕੌਮ ਦੇ ਇਤਿਹਾਸਕ ਅਸਥਾਨਾਂ ਨਾਲ ਸਬੰਧਤ ਲਟਕਦੇ ਆ ਰਹੇ ਮਾਮਲਿਆਂ ਦੇ ਤੁਰੰਤ ਹੱਲ ਦੀ ਭਾਰਤ ਤੇ ਸਬੰਧਤ ਸੂਬਿਆਂ ਦੀਆਂ ਸਰਕਾਰਾਂ ਤੋਂ ਮੰਗ ਕੀਤੀ। ਇਨ੍ਹਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਅਸਥਾਨ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਹਰਿ ਕੀ ਪਾਉੜੀ ਹਰਿਦੁਆਰ (ਉਤਰਾਖੰਡ), ਗੁਰਦੁਆਰਾ ਡਾਂਗਮਾਰ ਸਾਹਿਬ ਤੇ ਗੁਰਦੁਆਰਾ ਸਾਹਿਬ ਚੁੰਗਥਾਂਗ (ਸਿੱਕਮ), ਗੁਰਦੁਆਰਾ ਬਾਵਲੀ ਮੱਠ, ਮੰਗੂ ਮੱਠ ਤੇ ਪੰਜਾਬੀ ਮੱਠ ਜਗਨਨਾਥਪੁਰੀ (ਉੜੀਸਾ) ਅਤੇ ਗੁਰਦੁਆਰਾ ਤਪੋਸਥਾਨ ਗੁਰੂ ਨਾਨਕ ਦੇਵ ਜੀ ਮੇਚੁਕਾ ਅਰੁਨਾਚਲ ਪ੍ਰਦੇਸ਼ ਦੇ ਮਾਮਲੇ ਸ਼ਾਮਲ ਹਨ, ਜਿਨ੍ਹਾਂ ਸਬੰਧੀ ਲਗਾਤਾਰ ਅਵਾਜ਼ ਉਠਾਈ ਜਾ ਰਹੀ ਹੈ। ਮਤੇ ਰਾਹੀਂ ਮੰਗ ਕੀਤੀ ਗਈ ਕਿ ਸਿੱਖ ਗੁਰੂ ਸਾਹਿਬਾਨ ਦੀ ਯਾਦਗਾਰ ਵਜੋਂ ਸੁਸ਼ੋਭਿਤ ਉਕਤ ਅਸਥਾਨਾਂ ਬਾਰੇ ਸਰਕਾਰ ਵੱਲੋਂ ਸਾਰਥਿਕ ਪਹੁੰਚ ਅਪਣਾਈ ਜਾਵੇ, ਤਾਂ ਜੋ ਸਿੱਖ ਕੌਮ ਆਪਣੇ ਪਾਵਨ ਅਸਥਾਨਾਂ ਦੀ ਸੇਵਾ ਸੰਭਾਲ ਪੰਥਕ ਭਾਵਨਾਵਾਂ ਅਨੁਸਾਰ ਕਰ ਸਕੇ। ਇਕ ਮਤੇ ਰਾਹੀਂ ਗੁਰੂ ਸਾਹਿਬਾਨ ਦੇ ਨਾਂ 'ਤੇ ਵੱਸਦੇ ਪੰਜਾਬ ਅੰਦਰ ਨਸ਼ਿਆਂ ਦੇ ਵਰਤਾਰੇ 'ਤੇ ਵੱਡੀ ਚਿੰਤਾ ਪ੍ਰਗਟਾਉਂਦਿਆਂ ਪੰਜਾਬ ਸਰਕਾਰ ਨੂੰ ਨਸ਼ਿਆਂ ਦੀ ਰੋਕਥਾਮ ਲਈ ਢੁਕਵੇਂ ਕਦਮ ਚੁੱਕਣ ਲਈ ਆਖਿਆ ਗਿਆ। ਮਤੇ ਰਾਹੀਂ ਪੰਜਾਬ ਦੇ ਲੋਕਾਂ ਅਤੇ ਖਾਸਕਰ ਨੌਜੁਆਨਾਂ ਨੂੰ ਵੀ ਅਪੀਲ ਕੀਤੀ ਕਿ ਨਸ਼ਿਆਂ ਦੇ ਮਾਰੂ ਵਰਤਾਰੇ ਵਿਰੁੱਧ ਸੰਗਠਤ ਹੋ ਕੇ ਇਸ ਨੂੰ ਠੱਲ੍ਹ ਪਾਉਣ ਲਈ ਜ਼ੁੰਮੇਵਾਰੀ ਨਿਭਾਉਣ। ਜਨਰਲ ਇਜਲਾਸ ਨੇ ਇਕ ਮਤੇ ਵਿਚ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਿੱਖਾਂ ਵਿਰੁੱਧ ਸੰਗਠਤ ਤੌਰ 'ਤੇ ਕੀਤੇ ਜਾ ਰਹੇ ਸਾਜ਼ਿਸ਼ੀ ਅਤੇ ਨਫ਼ਰਤੀ ਪ੍ਰਚਾਰ ਨੂੰ ਰੋਕਣ ਲਈ ਸਰਕਾਰਾਂ ਨੂੰ ਆਪਣੀ ਜ਼ੁੰਮੇਵਾਰੀ ਨਿਭਾਉਣ ਲਈ ਆਖਿਆ। ਕਿਹਾ ਗਿਆ ਕਿ ਕੁਝ ਲੋਕ ਮਿੱਥ ਕੇ ਸਿੱਖਾਂ ਵਿਰੁੱਧ ਕੂੜ ਪ੍ਰਚਾਰ ਕਰ ਰਹੇ ਹਨ। ਇਸ ਸਭ ਲਈ ਸੋਸ਼ਲ ਮੀਡੀਆ ਨੂੰ ਹਥਿਆਰ ਦੀ ਤਰ੍ਹਾਂ ਵਰਤਿਆ ਜਾ ਰਿਹਾ ਹੈ, ਪਰ ਸਰਕਾਰਾਂ ਚੁੱਪਚਾਪ ਵੇਖ ਰਹੀਆਂ ਹਨ। ਦੇਸ਼ ਅੰਦਰ ਹਰ ਧਰਮ ਦੇ ਸਤਿਕਾਰ ਨੂੰ ਯਕੀਨੀ ਬਣਾਈ ਰੱਖਣ ਲਈ ਕੇਂਦਰ ਸਰਕਾਰ ਤੋਂ ਸੋਸ਼ਲ ਮੀਡੀਆ ਦੇ ਅਜਿਹੇ ਖ਼ਾਤਿਆਂ ਦੀ ਨਜ਼ਰਸਾਨੀ ਕਰਨ ਦੀ ਮੰਗ ਕੀਤੀ ਗਈ। ਇਸ ਮਤੇ ਰਾਹੀਂ ਸਿੱਖ ਕੌਮ ਨੂੰ ਵੀ ਅਪੀਲ ਕੀਤੀ ਗਈ ਕਿ ਸੋਸ਼ਲ ਮੀਡੀਆ ਉੱਪਰ ਧਾਰਮਿਕ ਅਤੇ ਕੌਮੀ ਮਾਮਲਿਆਂ 'ਤੇ ਕੋਈ ਵੀ ਟਿੱਪਣੀ ਕਰਨ ਸਮੇਂ ਇਹ ਜ਼ਰੂਰ ਖ਼ਿਆਲ ਰੱਖਿਆ ਜਾਵੇ ਕਿ ਉਸ ਨਾਲ ਸਿੱਖ ਇਤਿਹਾਸ, ਸਿਧਾਂਤਾਂ, ਰਹਿਤ ਮਰਯਾਦਾ ਤੇ ਨਾਲ-ਨਾਲ ਕਿਸੇ ਦੀਆਂ ਭਾਵਨਾਵਾਂ ਨੂੰ ਸੱਟ ਨਾ ਵੱਜੇ। ਇਸ ਤੋਂ ਇਲਾਵਾ ਬੀਤੇ ਸਮੇਂ 'ਚ ਅਕਾਲ ਚਲਾਣਾ ਕਰ ਗਏ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਜਸਵੀਰ ਕੌਰ ਦਾਤੇਵਾਸ, ਜਥੇਦਾਰ ਕੁਲਦੀਪ ਸਿੰਘ ਤੇੜਾ ਅਤੇ ਪੰਥ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਦੀ ਮਾਤਾ ਬਲਬੀਰ ਕੌਰ ਨੂੰ ਸ਼ੋਕ ਮਤਿਆਂ ਰਾਹੀਂ ਸ਼ਰਧਾਜਲੀ ਭੇਟ ਕੀਤੀ ਗਈ।

## ਵਿਦਿਆਰਥੀਆਂ ਨੇ ਬਣਾਈ ਹਿਊਮਨ ਚੇਨ

ਅੰਮ੍ਰਿਤਸਰ 29 ਮਾਰਚ (ਹਰਪਾਲ ਸਿੰਘ ਭੰਗੂ)- ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਦੇ ਦਿਸ਼ਾ ਨਿਦਰੇਸ਼ਾਂ ਅਤੇ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀ ਨਿਕਾਸ ਕੁਮਾਰ ਵਲੋਂ ਉਲੀਕੇ ਪ੍ਰੋਗਰਾਮ ਤਹਿਤ ਜਿਲ੍ਹੇ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਕਾਲਜ਼ਾਂ ਵਲੋਂ ਚੋਣ ਟੋਲ ਫ੍ਰੀ ਨੰਬਰ 1950 ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵਿਦਿਆਰਥੀਆਂ ਵਲੋਂ ਹਿਊਮਨ ਚੇਨ ਬਣਾਈ ਗਈ। ਮੁੱਖ ਚੋਣ ਦਫ਼ਤਰ,ਪੰਜਾਬ ਵਲੋਂ ਵੋਟਰਾਂ ਦੀ ਸਹੂਲੀਅਤ ਲਈ ਟੋਲ ਫ੍ਰੀ ਨੰਬਰ 1950 ਜਾਰੀ ਕੀਤਾ ਗਿਆ ਹੈ,ਜਿਸ ਦਾ ਉਪਯੋਗ ਕਰਕੇ ਆਮ ਵੋਟਰ ਕੋਈ ਵੀ ਜਾਣਕਾਰੀ ਹਾਸਿਲ ਕਰ ਸਕਦਾ ਹੈ।ਜਿਲ੍ਹੇ ਭਰ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਅਤੇ ਕਾਲਜ਼ਾਂ ਵਿੱਚ ਕਰਵਾਈ ਗਈ ਇਸ ਗਤੀਵਿਧੀ ਦਾ ਮੁੱਖ ਮਕੱਸਦ ਅਗਾਮੀ ਲੋਕ ਸਭਾ ਚੋਣਾਂ-2024 ਵਿੱਚ ਲੋਕਾਂ ਦੀ ਭਾਗੀਦਾਰੀ ਨੂੰ ਹੋਰ ਵਧਾਉਣਾ ਹੈ।ਇਸ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਪ੍ਰਣ ਲਿਆ ਕਿ ਉਹ ਆਪਣੇ ਦੇਸ਼ ਦੀਆਂ ਲੋਕਤਾਂਤਰਿਕ ਪਰੰਪਰਾਵਾਂ ਨੂੰ ਬਣਾਏ ਰੱਖਦੇ ਹੋਏ ਵੋਟ ਬਣਵਾਉਣ ਅਤੇ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਕਰਨਗੇ।ਅਧਿਆਪਕਾਂ ਵਲੋਂ ਕਈ ਸਕੂਲ਼ਾਂ ਵਿੱਚ ਵਿੱਚ ਲੈਕਚਰ ਵੀ ਦਿੱਤੇ ਗਏ,ਜਿਸ ਵਿੱਚ ਸਥਾਪਿਤ ਕੀਤੀ ਗਈ ਵੋਟਰ ਹੈਲਪਲਾਈਨ ਐੱਪ ਅਤੇ 1950 ਟੋਲ ਫ੍ਰੀ ਨੰਬਰ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ।



# ਸਟਿੰਗ ਆਪ੍ਰੇਸ਼ਨ ਅੰਮ੍ਰਿਤਸਰ (ਖਬਰਨਾਮਾ)

e-mail : stingnews24@gmail.com
www.stingoperation.us

ਜਲੰਧਰ । ਸ਼ਨਿੱਚਰਵਾਰ, 30 ਮਾਰਚ 2024






## ਇੱਕ ਨਜ਼ਰ





## ਖ਼ਾਲਸਾ ਕਾਲਜ ਐਜੂਕੇਸ਼ਨ, ਰਣਜੀਤ ਐਵੀਨਿਊ ਵਿਖੇ 'ਮੈਥਸ ਫੈਸਟ' ਕਰਵਾਇਆ

ਅੰਮ੍ਰਿਤਸਰ, 29 ਮਾਰਚ (ਹਰਪਾਲ ਸਿੰਘ ਭੰਗੂ)-ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਰਣਜੀਤ ਐਵੀਨਿਊ ਦੇ ਮੈਥਸ ਕਲੱਬ ਵੱਲੋਂ ਅੰਤਰਰਾਸ਼ਟਰੀ ਗਣਿਤ ਦਿਵਸ ਨੂੰ ਸਮਰਪਿਤ 'ਮੈਥਸ ਫੈਸਟ' ਪ੍ਰੋਗਰਾਮ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਮਨਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਇਸ ਪ੍ਰੋਗਰਾਮ ਮੌਕੇ ਮੁੱਖ ਮਹਿਮਾਨ ਵਜੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗਣਿਤ ਵਿਭਾਗ ਤੋਂ ਸਹਾਇਕ ਪ੍ਰੋਫੈਸਰ ਡਾ. ਜਤਿੰਦਰ ਕੁਮਾਰ ਨੇ ਵਿਦਿਆਰਥੀਆਂ ਨੂੰ ਉਕਤ ਦਿਵਸ ਦੀ ਮਹੱਤਤਾ ਅਤੇ ਇਤਿਹਾਸ ਸਬੰਧੀ ਚਾਨਣਾ ਪਾਇਆ। ਇਸ ਮੌਕੇ ਪ੍ਰਿੰ: ਡਾ. ਮਨਦੀਪ ਕੌਰ ਨੇ ਡਾ. ਕੁਮਾਰ ਦਾ ਕਾਲਜ ਕੈਂਪਸ ਪੁੱਜਣ 'ਤੇ ਪੌਦਾ ਭੇਂਟ ਕਰਕੇ ਸਵਾਗਤ ਕੀਤਾ। ਡਾ. ਕੁਮਾਰ ਨੇ ਕਿਹਾ ਕਿ ਹਰ ਸਾਲ ਮਾਰਚ ਮਹੀਨੇ 'ਚ ਅੰਤਰਰਾਸ਼ਟਰੀ ਗਣਿਤ ਦਿਵਸ ਨੂੰ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਉਕਤ ਦਿਵਸ ਗਣਿਤ ਸਬੰਧੀ ਜਾਗ੍ਰਿਤ ਅਤੇ ਵਿਸ਼ਵ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ 'ਚ ਇਸ ਦੀ ਭੂਮਿਕਾ ਨੂੰ ਸਮਰਪਿਤ ਇਕ ਦਿਨ ਹੈ। ਉਨ੍ਹਾਂ ਕਿਹਾ ਕਿ ਭੌਤਿਕ ਵਿਗਿਆਨੀ ਲੈਰੀ ਸ਼ਾਅ ਨੇ 1988 ਦੇ ਕਰੀਬ ਇਸ ਦਿਨ ਨੂੰ ਮਾਨਤਾ ਦਿੱਤੀ, ਕਿਉਂਕਿ ਉਨ੍ਹਾਂ ਨੇ ਸੰਯੁਕਤ ਰਾਜ 'ਚ ਸੈਨ ਫਰਾਂਸਿਸਕੋ ਐਕਸਪਲੋਰੇਟੋਰੀਅਮ 'ਚ ਵੱਡੇ ਪੱਧਰ 'ਤੇ ਸਮਾਰੋਹ ਆਯੋਜਨ ਕੀਤਾ ਸੀ। ਪਹਿਲਾਂ ਉਨ੍ਹਾਂ ਨੇ ਇਕ ਪਾਈ-ਆਕਾਰ ਵਾਲੀ ਪਾਈ ਨੂੰ ਕੱਟ ਕੇ ਇਸ ਨੂੰ ਮਨਾਇਆ ਅਤੇ ਫਿਰ ਵੱਧ ਤੋਂ ਵੱਧ ਦਸ਼ਮਲਵ ਸਥਾਨਾਂ 'ਤੇ ਪਾਈ ਦੇ ਮੁੱਲ ਦਾ ਅਧਿਐਨ ਕੀਤਾ। ਡਾ. ਕੁਮਾਰ ਨੇ ਕਿਹਾ ਕਿ ਸਾਈਰਾਕਿਊਜ਼ ਦੇ ਗਣਿਤ ਵਿਗਿਆਨੀ ਆਰਕੀਮੀਡੀਜ਼ ਨੇ ਸਭ ਤੋਂ ਪਹਿਲਾਂ ਪਾਈ ਦੇ ਮੁੱਲ ਦੀ ਗਣਨਾ ਕੀਤੀ, ਬਾਅਦ 'ਚ ਵਿਗਿਆਨਕ ਭਾਈਚਾਰੇ ਵੱਲੋਂ ਸਵੀਕਾਰ ਕੀਤਾ ਗਿਆ ਸੀ ਜਦੋਂ ਲਿਓਨਹਾਰਡ ਯੂਲਰ ਨੇ 1737 'ਚ ਪਾਈ ਦੇ ਪ੍ਰਤੀਕ ਦੀ ਵਰਤੋਂ ਕੀਤੀ ਸੀ। ਉਨ੍ਹਾਂ ਕਿਹਾ ਕਿ ਸਾਲ 2019 'ਚ ਸੰਯੁਕਤ ਰਾਸ਼ਟਰ ਵਿੱਦਿਅਕ, ਵਿਗਿਆਨਕ ਅਤੇ ਸੱਭਿਆਚਾਰਕ ਸੰਗਠਨ (ਯੂਨੈਸਕੋ) ਨੇ ਆਪਣੀ 40ਵੀਂ ਜਨਰਲ ਕਾਨਫ਼ਰੰਸ 'ਚ ਪਾਈ ਦਿਵਸ ਨੂੰ ਅੰਤਰਰਾਸ਼ਟਰੀ ਗਣਿਤ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਇਸ ਮੌਕੇ ਵਿਦਿਆਰਥੀਆਂ ਲਈ ਉਕਤ ਵਿਸ਼ੇ ਨਾਲ ਸਬੰਧਿਤ ਪੋਸਟਰ ਪੇਸ਼ਕਾਰੀ, ਸੁਧਾਰ ਅਧਿਆਪਨ ਸਹਾਇਤਾ ਅਤੇ ਰੰਗੋਲੀ ਸਮੇਤ ਵੱਖ-ਵੱਖ ਗਤੀਵਿਧੀਆਂ ਵੀ ਕਰਵਾਈਆਂ ਗਈਆਂ। ਇਸ ਮੌਕੇ ਪ੍ਰੋਗਰਾਮ ਕਨਵੀਨਰ ਡਾ. ਪਰਵਿੰਦਰਜੀਤ ਕੌਰ ਨੇ ਕਿਹਾ ਕਿ ਸਮਾਰੋਹ ਦੌਰਾਨ ਵੱਖ-ਵੱਖ ਕਾਲਜਾਂ ਦੇ ਸਿੱਖਿਆਂ ਮਾਹਿਰਾਂ ਨੇ ਗਣਿਤ ਦੇ ਡੋਮੇਨਾਂ 'ਚ ਆਪਣੀ ਮੁਹਾਰਤ ਦਾ ਪ੍ਰਦਰਸ਼ਨ ਵੀ ਕੀਤਾ। ਇਸ ਮੌਕੇ ਡਾ: ਸਤਨਾਮ ਕੌਰ ਜੌਹਲ ਨੇ ਸਮਾਗਮ ਦੀ ਸਮਾਪਤੀ ਸਬੰਧੀ ਧੰਨਵਾਦੀ ਮਤਾ ਪੇਸ਼ ਕੀਤਾ। ਇਸ ਮੌਕੇ ਸਮੂਹ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

## ਆਮ ਆਦਮੀ ਪਾਰਟੀ ਲੋਕਸਭਾ ਚੋਣਾਂ ਵਿੱਚ 13 ਸੀਟਾਂ ਤੇ ਕਰੇਗੀ ਸ਼ਾਨਦਾਰ ਜਿੱਤ ਹਾਸਿਲ - ਈ.ਟੀ ਓ



ਅੰਮ੍ਰਿਤਸਰ, 29 ਮਾਰਚ (ਹਰਪਾਲ ਸਿੰਘ ਭੰਗੂ)-ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀਆਂ ਲੋਕ ਭਲਾਈ ਨੀਤੀਆਂ ਤੋਂ ਖੁਸ਼ ਹੋ ਕੇ ਵੱਡੇ ਪੱਧਰ ਤੇ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਦਿਨੋ ਦਿਨੀ ਆਮ ਆਦਮੀ ਪਾਰਟੀ ਦਾ ਕੁਨਬਾ ਲਗਾਤਾਰ ਵੱਧ ਰਿਹਾ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ ਨੇ ਕਰਦਿਆਂ ਕਿਹਾ ਕਿ ਆਮ ਆਦਮੀ ਸਰਕਾਰ ਦੇ ਕੰਮਾਂ ਤੋਂ ਪ੍ਰਭਾਵਿੱਤ ਹੋ ਕੇ ਪਿੰਡ ਸਰਜਾ ਦੇ ਸਾਰੇ ਲੋਕ ਵਾਸੀਆਂ ਨੇ ਕਾਂਗਰਸ ਅਤੇ ਅਕਾਲੀ ਦਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਸਮੇਂ ਕੀਤਾ। ਉਂਨਾਂ ਦੱਸਿਆ ਕਿ ਇਹ ਸਮੁੱਚਾ ਪਿੰਡ ਇਕ ਪਾਸੇ ਹੋ ਗਏ ਹਨ ਅਤੇ ਹੁਣ ਵਿਰੋਧੀ ਧਿਰ ਨੂੰ ਬੂਥ ਲਗਾਉਣ ਲਈ ਵਰਕਰ ਤੱਕ ਵੀ ਨਹੀਂ ਲੱਭਣੇ। ਸ: ਈ.ਟੀ.ਓ ਨੇ ਦੱਸਿਆ ਕਿ ਇਨਾਂ ਦੇ ਸ਼ਾਮਲ ਹੋਣ ਨਾਲ ਆਮ ਆਦਮੀ ਪਾਰਟੀ ਨੂੰ ਭਾਰੀ ਬਲ ਮਿੱਲਿਆ ਹੈ। ਉਨਾਂ ਕਿਹਾ ਕਿ ਆਉਂਦੀਆਂ ਲੋਕਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਸੂਬੇ ਦੀਆਂ 13 ਸੀਟਾਂ ਤੇ ਬੇਮਿਸਾਲ ਜਿੱਤ ਹਾਸਿਲ ਕਰੇਗੀ। ਉਨਾਂ ਕਿਹਾ ਕਿ ਸਾਡੀ ਪਾਰਟੀ ਆਮ ਆਦਮੀ ਦੀ ਪਾਰਟੀ ਹੈ ਅਤੇ ਆਮ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਿਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨਾਂ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਨੂੰ ਛੱਡ ਕੇ ਆਪ ਵਿੱਚ ਸ਼ਾਮਲ ਹੋਏ ਵਰਕਰਾਂ ਨੂੰ ਭਰੋਸਾ ਦਵਾਇਆ ਕਿ ਤੁਹਾਡਾ ਪਾਰਟੀ ਵਿੱਚ ਬਣਦਾ ਮਾਨ ਸਤਿਕਾਰ ਕੀਤਾ ਜਾਵੇਗਾ। ਕੈਬਨਿਟ ਮੰਤਰੀ ਈ.ਟੀ.ਓ ਨੇ ਦੱਸਿਆ ਦਿ ਪਿੰਡ ਸਰਜਾ ਦੇ ਆਨੰਦ ਸਿੰਘ ਮੌਜੂਦਾ ਮੈਂਬਰ ਪੰਚਾਇਤ, , ਪ੍ਰਗਟ ਸਿੰਘ, ਨਿਸ਼ਾਨ ਸਿੰਘ, ਹਰਜੀਤ ਸਿੰਘ, ਸਤਨਾਮ ਸਿੰਘ, ਗੁਰਬਾਜ ਸਿੰਘ ਹਰਦੀਪ ਸਿੰਘ, ਕਸ਼ਮੀਰ ਸਿੰਘ ਦਵਿੰਦਰ ਸਿੰਘ, ਮਨਜੀਤ ਕੌਰ ਮਨੀ, ਤੋਂ ਇਲਾਵਾ 100 ਤੋ ਵੱਧ ਪਿੰਡ ਵਾਸੀ ਕਾਂਗਰਸੀ ਅਤੇ ਅਕਾਲੀਆਂ ਨੂੰ ਅਲਵਿਦਾ ਆਖ ਕੇ ਆਪਣੇ ਸੈਂਕੜੇ ਸਾਥੀਆਂ ਸਮੇਤ ਸ਼ਾਮਲ ਹੋਏ ਹਨ। ਉਨਾਂ ਦੱਸਿਆ ਕਿ ਇਨਾਂ ਦੇ ਸ਼ਾਮਿਲ ਹੋਣ ਨਾਲ ਪਾਰਟੀ ਨੂੰ ਬੱਲ ਮਿਲਿਆ ਹੈ ਅਤੇ ਸ਼ਾਮਿਲ ਹੋਣ ਵਾਲੇ ਸਾਰੇ ਪਰਿਵਾਰਾਂ ਦਾ ਆਮ ਆਦਮੀ ਪਾਰਟੀ ਵਿੱਚ ਬਣਦਾ ਮਾਨ ਸਤਿਕਾਰ ਕੀਤਾ ਜਾਵੇਗਾ। ਇਸ ਮੌਕੇ ਭੁਪਿੰਦਰ ਰਮਾਣਾ ਚੱਕ, ਗੁਰਮੁੱਖ ਸਰਜਾ, ਤੋਂ ਇਲਾਵਾ ਸਾਰੇ ਪਿੰਡ ਵਾਸੀ ਹਾਜ਼ਰ ਸਨ।

### ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਜਥੇਬੰਧਕ ਚੋਣਾ ਦਾ ਐਲਾਨ

## 8 ਅਪ੍ਰੈਲ ਨੂੰ ਜ਼ਿਲ੍ਹਾ ਪ੍ਰਧਾਨ ਅਤੇ ਬਲਾਕ ਪ੍ਰਧਾਨਾਂ ਦੀਆਂ ਹੋਣਗੀਆਂ ਨਾਮਜ਼ਦਗੀਆਂ

**■ ਮੀਟਿੰਗ ਵਿੱਚ ਜ਼ਿਲ੍ਹਾ ਸਰਪ੍ਰਸਤ ਮੰਗਲ ਸਿੰਘ ਟਾਂਡਾ ਨੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀਆਂ ਚੋਣਾਂ ਦੇ ਇਤਿਹਾਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਚੋਣਾਂ ਹਰ ਤਿੰਨ ਸਾਲ ਬਾਅਦ ਪੂਰੇ ਲੋਕਤੰਤਰਿਕ ਢੰਗ ਨਾਲ....**



ਅੰਮ੍ਰਿਤਸਰ, 29 ਮਾਰਚ (ਹਰਪਾਲ ਸਿੰਘ ਭੰਗੂ)- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਅੰਮ੍ਰਿਤਸਰ ਦੀ ਇੱਕ ਅਹਿਮ ਮੀਟਿੰਗ ਜਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਬਾਜਵਾ ਦੀ ਪ੍ਰਧਾਨਗੀ ਹੇਠ ਕੰਪਨੀ ਬਾਗ ਅੰਮ੍ਰਿਤਸਰ ਵਿਖੇ ਹੋਈ। ਇਸ ਮੀਟਿੰਗ ਵਿੱਚ ਜ਼ਿਲ੍ਹੇ ਦੇ ਸਮੂਹ ਬਲਾਕ ਪ੍ਰਧਾਨ ਅਤੇ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਹੋਏ । ਇਸ ਮੀਟਿੰਗ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਜਨਰਲ ਸਕੱਤਰ ਸੁੱਚਾ ਸਿੰਘ ਟਰਪਈ ਨੇ ਦੱਸਿਆ ਕਿ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੰਵਿਧਾਨ ਅਨੁਸਾਰ ਜੋ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀਆਂ ਚੋਣਾਂ ਅਪ੍ਰੈਲ 2024 ਵਿੱਚ ਹੋਣ ਜਾ ਰਹੀਆਂ ਹਨ ।ਇਹਨਾਂ ਚੋਣਾਂ ਸਬੰਧੀ ਜ਼ਿਲ੍ਹਾ ਪ੍ਰਧਾਨ ਅਤੇ ਬਲਾਕ ਪ੍ਰਧਾਨਾਂ ਦੀਆਂ ਨਾਮਜ਼ਦਗੀਆਂ 8 ਅਪ੍ਰੈਲ ਨੂੰ ਹੋਣਗੀਆਂ ਤੇ ਚੋਣ 17 ਅਪ੍ਰੈਲ ਨੂੰ ਹੋਵੇਗੀ। ਇਸ ਚੋਣ ਵਿੱਚ ਕੋਈ ਵੀ ਯੂਨੀਅਨ ਦਾ ਮੈਂਬਰ ਭਾਗ ਲੈ ਸਕਦਾ ਹੈ। ਇਸ ਮੀਟਿੰਗ ਵਿੱਚ ਜ਼ਿਲ੍ਹਾ ਸਰਪ੍ਰਸਤ ਮੰਗਲ ਸਿੰਘ ਟਾਂਡਾ ਨੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀਆਂ ਚੋਣਾਂ ਦੇ ਇਤਿਹਾਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਚੋਣਾਂ ਹਰ ਤਿੰਨ ਸਾਲ ਬਾਅਦ ਪੂਰੇ ਲੋਕਤੰਤਰਿਕ ਢੰਗ ਨਾਲ ਕਰਾਈਆਂ ਜਾਂਦੀਆਂ ਹਨ । ਇਨ੍ਹਾਂ ਚੋਣਾਂ ਨੂੰ ਕਰਾਉਣ ਲਈ ਸਤਨਾਮ ਸਿੰਘ ਜੱਸੜ ਪ੍ਰੀਜਾਈਡਿੰਗ ਅਫ਼ਸਰ ਅਤੇ ਹਰਮਨਦੀਪ ਸਿੰਘ ਭੰਗਾਲੀ ਸਹਾਇਕ ਪ੍ਰੀਜਾਈਡਿੰਗ ਅਫ਼ਸਰ ਦੀ ਨਿਯੁਕਤੀ ਕੀਤੀ ਗਈ ਹੈ ।ਇਸ ਚੋਣ ਤੋਂ ਬਾਅਦ ਸੂਬਾ ਕਮੇਟੀ ਦੀ ਚੋਣ ਜ਼ਿਲ੍ਹਾ ਪ੍ਰਧਾਨਾਂ ਦੁਆਰਾ ਕੀਤੀ ਜਾਵੇਗੀ । ਇਸ ਮੀਟਿੰਗ ਵਿੱਚ ਜ਼ਿਲ੍ਹਾ ਵਿੱਤ ਸਕੱਤਰ ਹਰਪ੍ਰੀਤ ਸਿੰਘ ਸੋਹੀਆਂ, ਹਰਵਿੰਦਰ ਸਿੰਘ ਸੁਲਤਾਨਵਿੰਡ, ਹੀਰਾ ਸਿੰਘ ਭੱਟੀ, ਅਵਤਾਰਜੀਤ ਸਿੰਘ, ਨਵਜੋਤ ਸਿੰਘ ਰਤਨ, ਜਗਦੀਪ ਸਿੰਘ ਜਲਾਲਪੁਰਾ, ਰਵੀਇੰਦਰ ਸਿੰਘ, ਯਾਦਵਿੰਦਰ ਸਿੰਘ ਸੰਧੂ, ਕਰਨਜੀਤ ਸਿੰਘ ਸੀ.ਐੱਚ. ਟੀ., ਸਰਬਜੀਤ ਸਿੰਘ, ਗੁਰਿੰਦਰ ਸਿੰਘ ਰੰਧਾਵਾ, ਪ੍ਰਦੀਪ ਸਿੰਘ ਝੰਜੋਟੀ , ਅਮਿਤ ਕੁਮਾਰ ਸੁੰਦਰ , ਹਰਵਿੰਦਰ ਸਿੰਘ ਜਲਾਲਾਬਾਦ , ਹਰਪ੍ਰੀਤ ਸਿੰਘ ਮਰੜੀ, ਇੰਦਰਪ੍ਰੀਤ ਸਿੰਘ, ਨਿਰਮਲ ਸਿੰਘ ਭੋਮਾ, ਰਾਜਿੰਦਰ ਕੁਮਾਰ, ਸੁਰਜੀਤ ਸਿੰਘ ਫੇਰੂਮਾਨ , ਬਲਵੰਤ ਰਾਏ, ਰਣਜੀਤ ਸਿੰਘ ,ਅਵਤਾਰ ਸਿੰਘ ਕੋਟ ਮਾਹਣਾ ਸਿੰਘ, ਸੁਖਦੇਵ ਸਿੰਘ , ਸਤਨਾਮ ਸਿੰਘ ਸੂਫੀਆਂ , ਅਸ਼ਵਨੀ ਕੁਮਾਰ, ਜਤਿੰਦਰ ਸਿੰਘ , ਰਾਜੀਵ ਸ਼ਰਮਾ, ਧਰਮਿੰਦਰ ਸਿੰਘ, ਨਰਿੰਦਰਪਾਲ ਸਿੰਘ, ਹਰਪ੍ਰੀਤ ਸਿੰਘ ਸੂਫ਼ੀਆਂ, ਗੁਰਦਿਆਲ ਸਿੰਘ, ਅਰਜਿੰਦਰ ਸਿੰਘ, ਸਰਬਜੀਤ ਸਿੰਘ, ਸੰਦੀਪ ਸਿੰਘ, ਅਮਨਦੀਪ ਸਿੰਘ, ਭਵਿਤ, ਗੁਰਮੇਜ ਸਿੰਘ, ਮਨਦੀਪ ਸਿੰਘ ਆਦਿ ਸਾਥੀ ਹਾਜ਼ਰ ਸਨ।

### ਸ਼੍ਰੋਮਣੀ ਕਮੇਟੀ ਦਾ 1260 ਕਰੋੜ 97 ਲੱਖ ਰੁਪਏ ਦਾ ਬਜਟ ਪਾਸ

## ਧਰਮ ਪ੍ਰਚਾਰ, ਵਿੱਦਿਆ ਅਤੇ ਪੰਥਕ ਕਾਰਜਾਂ ਲਈ ਰੱਖੀ ਗਈ ਹੈ ਵਿਸ਼ੇਸ਼ ਰਾਸ਼ੀ: ਐਡਵੋਕੇਟ ਧਾਮੀ



ਅੰਮ੍ਰਿਤਸਰ, 29 ਮਾਰਚ (ਹਰਪਾਲ ਸਿੰਘ ਭੰਗੂ ਮਿੰਟੂ ਅਰੋੜਾ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੱਜ ਹੋਏ ਜਨਰਲ ਇਜਲਾਸ ਦੌਰਾਨ ਸਾਲ 2024-25 ਲਈ 1260 ਕਰੋੜ 97 ਲੱਖ 38 ਹਜ਼ਾਰ ਰੁਪਏ ਦਾ ਬਜਟ ਪਾਸ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਏ ਇਸ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਬਜਟ ਪੇਸ਼ ਕੀਤਾ, ਜਿਸ ਨੂੰ ਹਾਜ਼ਰ ਮੈਂਬਰ ਨੇ ਜੈਕਾਰਿਆਂ ਦੀ ਗੂੰਜ 'ਚ ਪ੍ਰਵਾਨਗੀ ਦਿੱਤੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਸ਼੍ਰੋਮਣੀ ਕਮੇਟੀ ਮੈਂਬਰ ਮੌਜੂਦ ਸਨ। ਬਜਟ ਪੇਸ਼ ਕਰਦਿਆਂ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਸ਼੍ਰੋਮਣੀ ਕਮੇਟੀ ਦੇ ਵੱਖ-ਵੱਖ ਵਿਭਾਗਾਂ ਅਤੇ ਅਦਾਰਿਆਂ ਲਈ ਹੋਣ ਵਾਲੀ ਆਮਦਨ ਅਤੇ ਖਰਚਿਆਂ ਦੇ ਵੇਰਵੇ ਸਾਂਝੇ ਕਰਦਿਆਂ ਭਵਿੱਖ ਅੰਦਰ ਪਹਿਲ ਦੇ ਅਧਾਰ 'ਤੇ ਕੀਤੇ ਜਾਣ ਵਾਲੇ ਕਾਰਜਾਂ ਲਈ ਸੁਰੱਖਿਅਤ ਕੀਤੀ ਗਈ ਰਾਸ਼ੀ ਬਾਰੇ ਅੰਕੜੇ ਪੇਸ਼ ਕੀਤੇ। ਬਜਟ ਇਜਲਾਸ ਮਗਰੋਂ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਵੱਲੋਂ ਪੇਸ਼ ਕੀਤੇ ਗਏ ਬਜਟ ਨੂੰ ਸੰਤੁਲਤ ਕਰਾਰ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਵਾਰ ਪਿਛਲੇ ਬਜਟ ਨਾਲੋਂ 14 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਵਿਸ਼ੇਸ਼ ਤੌਰ 'ਤੇ ਅਗਲੇ ਵਿੱਤੀ ਵਰ੍ਹੇ ਦੌਰਾਨ ਧਰਮ ਪ੍ਰਚਾਰ, ਵਿੱਦਿਆ ਅਤੇ ਪੰਥਕ ਕਾਰਜਾਂ ਨੂੰ ਪਹਿਲ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਵਾਰ ਧਰਮ ਪ੍ਰਚਾਰ ਕਮੇਟੀ ਦਾ ਬਜਟ 100 ਕਰੋੜ ਰੁਪਏ ਦਾ ਹੈ। ਧਰਮ ਪ੍ਰਚਾਰ ਕਮੇਟੀ ਰਾਹੀਂ ਕੀਤੇ ਜਾਣ ਵਾਲੇ ਕਾਰਜਾਂ ਲਈ ਰੱਖੀ ਰਾਸ਼ੀ ਦੀ ਤਫਸੀਲ ਦਿੰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਵਿਸ਼ੇਸ਼ ਤੌਰ 'ਤੇ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਦਿਵਸ ਦੀ ਸਤੰਬਰ ਮਹੀਨੇ ਵਿਚ ਆ ਰਹੀ ਸ਼ਤਾਬਦੀ ਮਨਾਉਣ ਲਈ 3 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਇਸ ਦੇ ਨਾਲ ਹੀ ਧਰਮ ਪ੍ਰਚਾਰ ਕਮੇਟੀ ਰਾਹੀਂ ਸਿੱਖ ਨੌਜੁਆਨਾਂ ਨੂੰ ਪ੍ਰਸਾਸ਼ਕੀ ਸੇਵਾਵਾਂ ਲਈ ਤਿਆਰ ਕਰਨ ਵਾਸਤੇ 2 ਕਰੋੜ ਰੁਪਏ, ਅੰਮ੍ਰਿਤਧਾਰੀ ਬੱਚੀਆਂ ਨੂੰ ਮੁਫ਼ਤ ਵਿਦਿਆ ਲਈ 2 ਕਰੋੜ ਰੁਪਏ, ਅੰਮ੍ਰਿਤਧਾਰੀ ਵਿਦਿਆਰਥੀਆਂ ਦੀਆਂ ਫੀਸਾਂ ਲਈ 2 ਕਰੋੜ 50 ਲੱਖ ਰੁਪਏ, ਅੰਮ੍ਰਿਤ ਸੰਚਾਰ ਸਮਾਗਮਾਂ ਲਈ 1 ਕਰੋੜ 80 ਲੱਖ ਰੁਪਏ, ਧਾਰਮਿਕ ਸਾਹਿਤ, ਲਾਇਬ੍ਰੇਰੀਆਂ, ਸ਼ਸਤਰ ਵਿੱਦਿਆ, ਇਤਿਹਾਸਕ ਯਾਦਗਾਰੀ ਪ੍ਰਾਜੈਕਟਾਂ ਅਤੇ ਸੰਗਤਾਂ ਨੂੰ ਵੀਡੀਓ ਵੈਨਾਂ ਰਾਹੀਂ ਧਾਰਮਿਕ ਫਿਲਮਾਂ ਦਿਖਾਉਣ ਲਈ 4 ਕਰੋੜ 45 ਲੱਖ ਰੁਪਏ, ਧਰਮ ਪ੍ਰਚਾਰ ਲਹਿਰ ਹੋਰ ਪ੍ਰਚੰਡ ਕਰਨ ਲਈ 1 ਕਰੋੜ 15 ਲੱਖ ਰੁਪਏ, ਬੱਚਿਆਂ ਨੂੰ ਧਾਰਮਿਕ ਪ੍ਰੀਖਿਆ ਰਾਹੀਂ ਗੁਰਮਤਿ ਨਾਲ ਜੋੜਨ ਲਈ 1 ਕਰੋੜ 60 ਲੱਖ ਰੁਪਏ ਅਤੇ ਪੰਜਾਬ ਤੋਂ ਬਾਹਰਲੇ ਸਿੱਖ ਮਿਸ਼ਨਾਂ ਵਾਸਤੇ 9 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ। ਇਸੇ ਤਰ੍ਹਾਂ ਧਰਮ ਪ੍ਰਚਾਰ ਕਮੇਟੀ ਦੇ ਹੋਰ ਕਾਰਜਾਂ ਵਾਸਤੇ ਵੀ ਬਜਟ ਵਿਚ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸ. ਅਲਵਿੰਦਰਪਾਲ ਸਿੰਘ ਪੱਖੋਕੇ, ਸੀਨੀਅਰ ਮੀਤ ਪ੍ਰਧਾਨ ਸ. ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਸ. ਗੁਰਬਖ਼ਸ਼ ਸਿੰਘ ਖਾਲਸਾ, ਜਨਰਲ ਸਕੱਤਰ ਲਈ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਕਮੇਟੀ ਮੈਂਬਰ ਸ. ਰਘਬੀਰ ਸਿੰਘ ਸਹਾਰਨਮਾਜਰਾ, ਸ. ਜਸਮੇਰ ਸਿੰਘ ਲਾਛੜੂ, ਸ. ਖੁਸ਼ਵਿੰਦਰ ਸਿੰਘ ਭਾਟੀਆ, ਸ. ਗੁਰਪ੍ਰੀਤ ਸਿੰਘ ਝੱਬਰ, ਸ. ਅਮਰਜੀਤ ਸਿੰਘ ਭਲਾਈਪੁਰ, ਬੀਬੀ ਜਸਪਾਲ ਕੌਰ, ਸ. ਜਸਵੰਤ ਸਿੰਘ ਪੁੜੈਣ, ਸ਼੍ਰੋਮਣੀ ਕਮੇਟੀ ਮੈਂਬਰ ਸ. ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਸ. ਬਲਦੇਵ ਸਿੰਘ ਕਾਇਮਪੁਰ, ਸ. ਜਗਸੀਰ ਸਿੰਘ ਮਾਂਗੇਆਣਾ, ਸ. ਗੁਰਪਾਲ ਸਿੰਘ ਗੋਰਾ, ਬੀਬੀ ਕਿਰਨਵੀਰ ਕੌਰ, ਸ. ਨਤਵੇਜ ਸਿੰਘ ਕਾਉਣੀ, ਸ. ਕੌਰ ਸਿੰਘ ਬਹਾਵਵਾਲਾ, ਬੀਬੀ ਪਰਮਿੰਦਰ ਕੌਰ, ਸ. ਦਰਸ਼ਨ ਸਿੰਘ ਬਰਾੜ, ਸ. ਪ੍ਰੀਤਮ ਸਿੰਘ ਮਲਸੀਹਾਂ, ਸ. ਬਲਵਿੰਦਰ ਸਿੰਘ ਭੰਮਾਂ ਲੰਡਾ, ਸ. ਸਤਪਾਲ ਸਿੰਘ ਤਲਵੰਡੀ, ਸ. ਗੁਰਮੀਤ ਸਿੰਘ ਬੂਹ, ਬੀਬੀ ਨਰਿੰਦਰ ਕੌਰ, ਸ. ਗੁਰਮੇਲ ਸਿੰਘ ਸੰਗਤਪੁਰਾ, ਸ. ਸੁਖਹਰਪ੍ਰੀਤ ਸਿੰਘ ਰੋਡੇ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਸ. ਸ਼ੇਰ ਸਿੰਘ ਮੰਡਵਾਲਾ, ਸ. ਭੁਮਣ ਸਿੰਘ, ਬੀਬੀ ਜੋਗਿੰਦਰ ਕੌਰ ਰਠੌਰ, ਸ. ਸੁਰਜੀਤ ਸਿੰਘ ਰਾਏਪੁਰ, ਬੀਬੀ ਪਰਮਜੀਤ ਕੌਰ, ਸ. ਗੋਬਿੰਦ ਸਿੰਘ ਲੌਂਗੋਵਾਲ, ਸ. ਮਲਕੀਤ ਸਿੰਘ ਚੰਗਾਲ, ਸ. ਪਰਮਜੀਤ ਸਿੰਘ ਖਾਲਸਾ, ਬੀਬੀ ਸ਼ਰਨਜੀਤ ਕੌਰ, ਸ. ਭੁਪਿੰਦਰ ਸਿੰਘ ਭਲਵਾਨ, ਸ. ਹਰਦੇਵ ਸਿੰਘ ਰੋਗਲਾ, ਸ. ਸਤਵਿੰਦਰ ਸਿੰਘ ਟੌਹੜਾ, ਸ. ਜਰਨੈਲ ਸਿੰਘ ਕਰਤਾਰਪੁਰ, ਸ. ਨਿਰਮੈਲ ਸਿੰਘ ਜੌਲਾਂ, ਸ. ਸੁਰਜੀਤ ਸਿੰਘ ਗੜ੍ਹੀ, ਬਾਬਾ ਗੁਰਪ੍ਰੀਤ ਸਿੰਘ, ਸ. ਅਵਤਾਰ ਸਿੰਘ ਰਿਆ, ਸ. ਰਵਿੰਦਰ ਸਿੰਘ ਖਾਲਸਾ, ਸ. ਚਰਨ ਸਿੰਘ ਆਲਮਗੀਰ, ਸ. ਹਰਪਾਲ ਸਿੰਘ ਜੱਲਾ, ਸ. ਗੁਰਪ੍ਰੀਤ ਸਿੰਘ ਗਰਚਾ, ਸ. ਜਗਜੀਤ ਸਿੰਘ ਤਲਵੰਡੀ, ਸ. ਬਲਵਿੰਦਰ ਸਿੰਘ ਬੈਂਸ, ਸ. ਸਰਬੰਸ ਸਿੰਘ ਮਾਣਕੀ, ਬੀਬੀ ਹਰਜਿੰਦਰ ਕੌਰ, ਸ. ਬਲਦੇਵ ਸਿੰਘ ਕਲਿਆਣ, ਬੀਬੀ ਦਵਿੰਦਰ ਕੌਰ ਕਾਲੜਾ, ਸ. ਰਣਜੀਤ ਸਿੰਘ ਕਾਹਲੋਂ, ਬੀਬੀ ਗੁਰਮੀਤ ਕੌਰ ਭਟਨੂਰਾ, ਬੀਬੀ ਗੁਰਪ੍ਰੀਤ ਕੌਰ, ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਬਲਜੀਤ ਸਿੰਘ ਜਲਾਲਉਸਮਾਂ, ਸ. ਅਮਰਜੀਤ ਸਿੰਘ ਭਲਾਈਪੁਰ, ਸ. ਬਲਵਿੰਦਰ ਸਿੰਘ ਵੇਂਈਪੂਈਂ, ਸ. ਗੁਰਬਚਨ ਸਿੰਘ ਕਰਮੂੰਵਾਲਾ, ਬੀਬੀ ਹਰਜਿੰਦਰ ਕੌਰ, ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ. ਅਲਵਿੰਦਰਪਾਲ ਸਿੰਘ ਪੱਖੋਕੇ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਬਾਵਾ ਸਿੰਘ ਗੁਮਾਨਪੁਰਾ, ਸ. ਸੁਰਜੀਤ ਸਿੰਘ ਭਿੱਟੇਵੱਡ, ਬੀਬੀ ਬਲਵਿੰਦਰ ਕੌਰ ਲੋਪੋਕੇ, ਸ. ਅਮਰੀਕ ਸਿੰਘ ਵਿਛੋਆ, ਬੀਬੀ ਸਵਰਨ ਕੌਰ ਤੇੜਾ, ਸ. ਅਮਰਜੀਤ ਸਿੰਘ ਬੰਡਾਲਾ, ਸ. ਭਗਵੰਤ ਸਿੰਘ ਸਿਆਲਕਾ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਗੁਰਿੰਦਰਪਾਲ ਸਿੰਘ ਗੋਰਾ, ਸ. ਗੁਰਨਾਮ ਸਿੰਘ ਜੱਸਲ, ਬੀਬੀ ਜਸਵੀਰ ਕੌਰ ਜੱਫਰਵਾਲ, ਸ. ਰਵਿੰਦਰ ਸਿੰਘ ਚੱਕ, ਸ. ਸੁਰਿੰਦਰ ਸਿੰਘ ਠੇਕੇਦਾਰ, ਸ. ਜੰਗ ਬਹਾਦਰ ਸਿੰਘ ਰਾਏ, ਸ. ਅਮਰਜੀਤ ਸਿੰਘ ਚਾਵਲਾ, ਸ. ਅਜਮੇਰ ਸਿੰਘ ਖੇੜਾ, ਬੀਬੀ ਪਰਮਜੀਤ ਕੌਰ ਲਾਂਡਰਾਂ, ਭਾਈ ਰਾਮ ਸਿੰਘ, ਬਾਬਾ ਚਰਨਜੀਤ ਸਿੰਘ ਜੱਸੋਵਾਲ, ਸ. ਸੁਖਜੀਤ ਸਿੰਘ ਕਾਦੀਆਂ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਫੈਡਰੇਸ਼ਨ ਆਗੂ ਸ. ਜਸਬੀਰ ਸਿੰਘ ਘੁੰਮਣ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸ. ਸੁਖਮਿੰਦਰ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਪਰਮਜੀਤ ਸਿੰਘ ਸਰੋਆ ਆਦਿ ਹਾਜ਼ਰ ਸਨ।

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਸ਼ਨਿੱਚਰਵਾਰ, 30 ਮਾਰਚ 2024


# ਅੰਮ੍ਰਿਤਸਰ (ਸ੍ਰੀ ਚਮਕੌਰ ਸਾਹਿਬ)





## ਇੱਕ ਨਜ਼ਰ



## ਖ਼ਾਲਸਾ ਕਾਲਜ ਇੰਜੀਨੀਅਰਿੰਗ ਦੇ 137 ਵਿਦਿਆਰਥੀਆਂ ਨੇ 'ਵਰਸਿਟੀ ਦੀਆਂ ਪ੍ਰੀਖਿਆਵਾਂ 'ਚ ਮਾਰੀਆਂ ਮੱਲਾਂ

ਅੰਮ੍ਰਿਤਸਰ, 29 ਮਾਰਚ (ਹਰਪਾਲ ਸਿੰਘ ਭੰਗੂ)–ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਦੇ 137 ਵਿਦਿਆਰਥੀਆਂ ਨੇ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੁਆਰਾ ਲਈ ਗਈ ਨਵੰਬਰ–2023 ਦੀ ਪ੍ਰੀਖਿਆ 'ਚ 8.0 ਤੋਂ ਵਧੇਰੇ ਦਾ ਐਸ. ਜੀ. ਪੀ. ਏ. ਪ੍ਰਾਪਤ ਕਰਕੇ ਕਾਲਜ, ਜ਼ਿਲ੍ਹੇ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਕਾਲਜ ਦੇ ਕੁਲ 137 'ਚੋਂ 29 ਵਿਦਿਆਰਥੀਆਂ ਨੇ 9.0 ਐਸ. ਜੀ. ਪੀ. ਏ. ਤੋਂ ਵਧੇਰੇ ਮੋਰਾ ਪ੍ਰਾਪਤ ਕਰਕੇ ਨਤੀਜੇ ਨੂੰ ਚਾਰ ਚੰਨ ਲਗਾਇਆ। ਇਸ ਮੌਕੇ ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਨੇ ਸ਼ਾਨਦਾਰ ਨਤੀਜਿਆਂ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਪ੍ਰਾਪਤੀ ਨਾ ਸਿਰਫ਼ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਲਗਨ ਨੂੰ ਦਰਸਾਉਂਦੀ ਹੈ, ਬਲਕਿ ਸੰਸਥਾ ਦੇ ਫੈਕਲਟੀ ਮੈਂਬਰਾਂ ਵੱਲੋਂ ਪ੍ਰਦਾਨ ਕੀਤੀ ਗਈ ਸਿੱਖਿਆ ਅਤੇ ਸਹਿਯੋਗ ਦੀ ਗੁਣਵੱਤਾ ਨੂੰ ਵੀ ਦਰਸਾਉਂਦੀ ਹੈ। ਉਨ੍ਹਾਂ ਸ਼ਾਨਦਾਰ ਨਤੀਜਾ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਕਤ ਬੇਮਿਸਾਲ ਕਾਰਗੁਜ਼ਾਰੀ ਕਾਲਜ ਦੁਆਰਾ ਬਣਾਏ ਗਏ ਸਖ਼ਤ ਅਕਾਦਮਿਕ ਮਿਆਰਾਂ ਨੂੰ ਦਰਸਾਉਂਦੀ ਹੈ। ਇਸ ਦੌਰਾਨ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਡਾ. ਮੰਜੂ ਬਾਲਾ, ਫੈਕਲਟੀ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਦੀ ਇਹ ਪ੍ਰਾਪਤੀ ਕਾਲਜ ਵਿਖੇ ਕਰਵਾਈ ਜਾ ਰਹੀ ਸਿੱਖਿਆ ਦੀ ਗੁਣਵੱਤਾ ਦਾ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਇੰਜਨੀਅਰਿੰਗ ਅਤੇ ਤਕਨਾਲੋਜੀ ਦੇ ਖੇਤਰ 'ਚ ਉੱਚ ਸਿੱਖਿਆ ਲਈ ਇਕ ਪ੍ਰਮੁੱਖ ਸੰਸਥਾ ਵਜੋਂ ਆਪਣੀ ਸ਼ਿਖ਼ਰਤਾ ਨੂੰ ਦੁਹਰਾਉਂਦੀ ਹੈ। ਉਨ੍ਹਾਂ ਕਿਹਾ ਕਿ ਕਾਲਜ ਨੇ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਪ੍ਰਦਾਨ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਧਾਰੀ ਬੱਚਿਆਂ ਨੂੰ 1 ਕਰੋੜ 43 ਲੱਖ ਰੁਪਏ ਦੇ ਵਜੀਫੇ ਜਾਰੀ



ਅੰਮ੍ਰਿਤਸਰ, 29 ਮਾਰਚ (ਹਰਪਾਲ ਸਿੰਘ ਭੰਗੂ ਮਿੰਟੂ ਅਰੋੜਾ)– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਦਿਅਕ ਅਦਾਰਿਆਂ ਵਿਚ ਪੜ੍ਹ ਰਹੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਸਾਲ 2023–24 ਲਈ 1 ਕਰੋੜ 43 ਲੱਖ 94 ਹਜ਼ਾਰ ਰੁਪਏ ਦੀ ਵਜੀਫਾ ਰਾਸ਼ੀ ਦਿੱਤੀ ਗਈ। ਅੱਜ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਇਸ ਵਜੀਫ਼ਾ ਰਾਸ਼ੀ ਦੇ ਚੈੱਕ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਦਿਅਕ ਅਦਾਰਿਆਂ ਦੇ ਨੁਮਾਇੰਦਿਆਂ ਨੂੰ ਸੌਂਪੇ। ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਯਤਨ ਕੀਤੇ ਜਾਂਦੇ ਹਨ, ਜਿਸ ਤਹਿਤ ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਵਜੀਫਾ ਰਾਸ਼ੀ ਦੀ ਯੋਜਨਾ ਚਲਾਈ ਜਾ ਰਹੀ ਹੈ। ਇਸ ਤਹਿਤ ਹਰ ਸਾਲ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਫੀਸਾਂ ਲਈ ਵਜੀਫੇ ਦਿੱਤੇ ਜਾਂਦੇ ਹਨ। ਇਸ ਵਾਰ 2791 ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 1 ਕਰੋੜ 43 ਲੱਖ 94 ਹਜ਼ਾਰ ਰੁਪਏ ਦੀ ਰਾਸ਼ੀ ਵੰਡੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਵੱਲੋਂ ਧਾਰਮਿਕ ਪ੍ਰੀਖਿਆ ਰਾਹੀਂ ਵੀ ਵਿਸ਼ੇਸ਼ ਤੌਰ 'ਤੇ ਵਜੀਫੇ ਦਿੱਤੇ ਜਾਂਦੇ ਹਨ, ਜੋ ਲੱਖਾਂ ਰੁਪਏ ਵਿਚ ਹੁੰਦੇ ਹਨ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ, ਤਾਂ ਜੋ ਇਨ੍ਹਾਂ ਯੋਜਨਾਵਾਂ ਦਾ ਵੱਧ ਤੋਂ ਵੱਧ ਨੌਜੁਆਨ ਲਾਭ ਲੈ ਸਕਣ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸ. ਅਵਤਾਰ ਸਿੰਘ ਰਿਆ, ਸ. ਹਰਪਾਲ ਸਿੰਘ ਜੱਲਾ, ਸ. ਸੁਰਜੀਤ ਸਿੰਘ ਤੁਗਲਵਾਲਾ, ਸ. ਅਜਮੇਰ ਸਿੰਘ ਖੇੜਾ, ਸ. ਜਰਨੈਲ ਸਿੰਘ ਕਰਤਾਰਪੁਰ, ਸਕੱਤਰ ਸ. ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸ. ਸੁਖਮਿੰਦਰ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਸ. ਸ਼ਾਹਬਾਜ਼ ਸਿੰਘ, ਸਹਾਇਕ ਡਾਇਰੈਕਟਰ ਬੀਬੀ ਸਤਵੰਤ ਕੌਰ, ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ, ਸੁਪਰਡੈਂਟ ਸ. ਨਿਸ਼ਾਨ ਸਿੰਘ ਆਦਿ ਮੌਜੂਦ ਸਨ।


## ਵਰ੍ਹੇਗੰਢ ਮੁਬਾਰਕ



ਹਰਪ੍ਰੀਤ ਸਿੰਘ ਰਸੂਲਪੁਰ ਅਤੇ ਰਾਜਵੰਤ ਕੌਰ ਨਿਵਾਸੀ ਤਰਨ ਤਾਰਨ ਨੂੰ ਵਿਆਹ ਦੀ ਵਰ੍ਹੇਗੰਢ ਦੀਆਂ ਸਟਿੰਗ ਆਪ੍ਰੇਸ਼ਨ ਦੀ ਟੀਮ ਵੱਲੋਂ ਵਧਾਈਆਂ।





## ਇਕ ਛੱਤਰੀ ਤੋਂ ਉੱਡ ਕੇ ਦੂਜੀ ਛੱਤਰੀ 'ਤੇ ਬੈਠਣ ਵਾਲੇ ਮੌਕਾ ਪ੍ਰਸਤ ਅਤੇ ਬਾਗੀ ਲੀਡਰਾਂ ਦੇ ਹੱਕ 'ਚ ਕੀ ਪੰਜਾਬ ਦੇ ਲੋਕ ਆਪਣਾ ਫ਼ਤਵਾ ਦੇਣਗੇ ?



**ਕੀ ਬੀਜੇਪੀ ਵਿੱਚ ਸ਼ਾਮਿਲ ਹੋਣ ਦੇ ਨਾਲ ਸਾਰੇ ਪਾਪ ਧੋਤੇ ਜਾਂਦੇ ਹਨ ਅਤੇ ਬੰਦਾ ਸਾਫ ਪਵਿੱਤਰ ਹੋ ਜਾਂਦਾ ਹੈ, ਕੀ ਫਿਰ ਉਸਨੂੰ ਕੋਈ ਈਡੀ ਦਾ ਡਰ ਨਹੀਂ ਰਹਿੰਦਾ ?**

### ਹਰਪਾਲ ਸਿੰਘ ਭੰਗੂ ਦੀ ਵਿਸ਼ੇਸ਼ ਰਿਪੋਰਟ

Exclusive

ਅੰਮ੍ਰਿਤਸਰ, 29 ਮਾਰਚ : ਭਾਰਤ ਦੀ ਸਿਆਸਤ ਵਿੱਚ ਇਹ ਆਮ ਹੀ ਹੋ ਗਿਆ ਹੈ ਕਿ ਜਦ ਚੋਣਾਂ ਨੇੜੇ ਆਉਦੀਆਂ ਹਨ ਤਾਂ ਪਾਰਟੀ ਆਗੂ ਦੂਜੀਆਂ ਪਾਰਟੀਆਂ ਦੇ ਲੀਡਰਾਂ ਨੂੰ ਆਪਣੇ ਨਾਲ ਮਲਿਆਉਣ ਲਈ ਸਰਗਰਮੀਆਂ ਤੇਜ਼ ਕਰ ਦਿੰਦੇ ਹਨ। ਜਾਂ ਅਗਰ ਵਿਰੋਧੀ ਧਿਰ ਦੀ ਸਰਕਾਰ ਡੇਗਣੀ ਹੋਵੇ ਤਾਂ ਉਹਨਾਂ ਦੇ ਵਿਧਾਇਕਾਂ ਨੂੰ ਟਿਕਟ ਜਾਂ ਹੋਰ ਅਹੁਦੇ ਦਾ ਲਾਲਚ ਦੇ ਕੇ ਆਪਣੀ ਪਾਰਟੀ ਵਿੱਚ ਮਿਲਾ ਲੈਂਦੇ ਹਨ। ਜੇਕਰ ਭਾਰਤ ਵਿੱਚ ਅਸਲ ਲੋਕਤੰਤਰ ਲੈ ਕੇ ਆਉਣਾ ਹੈ ਤਾਂ ਇਹਨਾਂ ਮੌਕਾ ਪ੍ਰਸਤ ਦਲ ਬਦਲੂਆਂ ਨੂੰ ਭਾਜੜਾਂ ਪਾਓ ਅਤੇ ਵੋਟਾਂ ਦੌਰਾਨ ਇਹਨਾਂ ਮੌਕਾ ਪ੍ਰਸਤ ਦੀਆਂ ਜਮਾਨਤਾਂ ਜਬਤ ਕਰਾ ਦਿਓ ਤਾਂ ਜੋ ਕੋਈ ਆਪਣੇ ਲਾਲਚ ਦੀ ਖਾਤਰ ਸੁਪਨੇ ਵਿੱਚ ਵੀ ਦਲ ਬਦਲੀ ਕਰਨ ਦੀ ਸੋਚ ਨਾ ਸਕੇ। ਲੋਕਾਂ ਦਾ ਕਰੋੜਾਂ ਰੁਪਇਆ ਵੋਟਾਂ ਤੇ ਖਰਚ ਹੋ ਜਾਂਦਾ ਹੈ ਪਰ ਇਹ ਲੀਡਰ ਲੋਕ ਉਨਾਂ ਜਿਤਾਉਣ ਵਾਲੇ ਲੋਕਾਂ ਨੂੰ ਧੋਖਾ ਦੇ ਕੇ ਡੱਡੂ ਟਪੂਸੀ ਮਾਰ ਕੇ ਦੂਜੀ ਪਾਰਟੀ ਵਿੱਚ ਚਲੇ ਜਾਂਦੇ ਹਨ ਫੇਰ ਉਥੋਂ ਟਿਕਟ ਲੈਣ ਦੀ ਕੋਸ਼ਿਸ਼ ਕਰਦੇ ਹਨ। ਬਾਗੀ ਭਾਵੇਂ ਕਿਸੇ ਵੀ ਪਾਰਟੀ ਵਿੱਚ ਜਾਵੇ ਵੋਟਰਾਂ ਨੂੰ ਇੱਕ ਮੁੱਠ ਹੋ ਕੇ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਉਸ ਬਾਗੀ ਨੂੰ ਸਬਕ ਸਿਖਾਉਣਾ ਚਾਹੀਦਾ ਹੈ। ਭਾਜਪਾ ਸਰਕਾਰ ਉਝ ਤਾਂ ਹੋਰ ਬਥੇਰੇ ਕਾਨੂੰਨ ਬਣਾ ਰਹੀ ਹੈ ਪਰ ਲੋਕਤੰਤਰ ਨੂੰ ਸਹੀ ਮਾਣਿਆ ਵਿੱਚ ਜਿੰਦਾ ਰੱਖਣ ਲਈ ਕੇਂਦਰ ਸਰਕਾਰ ਦਾ ਕੋਈ ਧਿਆਨ ਨਹੀਂ ਹੈ। ਇਸ ਲਈ ਮੌਕਾ ਪ੍ਰਸਤ ਦਲ ਬਦਲੂਆਂ ਤੇ ਪਾਬੰਦੀ ਲਾਉਣ ਦਾ ਵੀ ਕਾਨੂੰਨ ਲੋਕ ਸਭਾ ਵਿੱਚ ਪਾਸ ਹੋਣਾ ਚਾਹੀਦਾ ਹੈ। ਜਿਵੇਂ ਹੁਣ ਦੇਖਿਆ ਗਿਆ ਹੈ ਕਿ ਕੇਂਦਰ ਸਰਕਾਰ ਨੇ ਈਡੀ ਦਾ ਨਵਾਂ ਫੰਡਾ ਖੜਾ ਕੀਤਾ ਹੋਇਆ ਹੈ ਜੋ ਵਿਰੋਧੀ ਧਿਰ ਦੇ ਆਗੂਆਂ ਤੇ ਹਰ ਰੋਜ਼ ਰੇਡਾਂ ਹੋ ਰਹੀਆ ਹਨ ਜਿਸ ਤੋਂ ਡਰਦੇ ਲੀਡਰ ਧੜਾ ਧੜ ਬੀਜੇਪੀ ਵਿੱਚ ਸ਼ਾਮਿਲ ਹੋ ਰਹੇ ਹਨ ਤਾਂ ਜੋ ਈਡੀ ਦੀ ਰੇਡ ਤੋਂ ਬਚ ਸਕਣ। ਪੰਜਾਬ ਦੇ ਅੱਧੇ ਤੋਂ ਵੱਧ ਕਾਂਗਰਸੀ ਅਤੇ ਆਪ ਦੇ ਆਗੂ ਬੀਜੇਪੀ ਵਿੱਚ ਸ਼ਾਮਿਲ ਹੋ ਚੁੱਕੇ ਹਨ । ਕਿਉਂਕਿ ਬੀਜੇਪੀ ਵਿੱਚ ਸ਼ਾਮਿਲ ਹੋਣ ਨਾਲ ਸਾਰੇ ਪਾਪ ਧੋਤੇ ਜਾਂਦੇ ਹਨ ਬੰਦਾ ਸਾਫ ਪਵਿੱਤਰ ਹੋ ਜਾਂਦਾ ਹੈ ਫਿਰ ਉਸਨੂੰ ਕੋਈ ਈਡੀ ਦਾ ਡਰ ਨਹੀਂ ਰਹਿੰਦਾ। ਅਜਿਹੀਆਂ ਤਰ੍ਹਾਂ ਤਰ੍ਹਾਂ ਦੀਆਂ ਹਰਕਤਾਂ ਕਾਰਨ ਅੱਜ ਲੋਕਤੰਤਰ ਖਤਰੇ ਵਿੱਚ ਪੈ ਸਕਦਾ ਹੈ ਹੈ ਇਸ ਲਈ ਭਾਰਤ ਦੀ ਸਿਆਸਤ ਵਿੱਚ ਵੀ ਸਖਤ ਕਾਨੂੰਨ ਬਣਾਉਣ ਦੀ ਲੋੜ ਹੈ।

## ਖ਼ਾਲਸਾ ਕਾਲਜ ਲਾਅ ਵਿਖੇ ਟ੍ਰੈਫਿਕ ਨਿਯਮਾਂ ਸਬੰਧੀ ਸੈਮੀਨਾਰ ਕਰਵਾਇਆ

**ਸਬ ਇੰਸਪੈਕਟਰ ਸ: ਦਲਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਮਨੁੱਖੀ ਕਦਰਾਂ-ਕੀਮਤਾਂ, ਵਾਤਾਵਰਣ, ਨਸ਼ਿਆਂ ਤੋਂ ਬਚਣ ਅਤੇ ਟ੍ਰੈਫਿਕ ਨਿਯਮਾਂ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ....**






ਅੰਮ੍ਰਿਤਸਰ, 29 ਮਾਰਚ (ਹਰਪਾਲ ਸਿੰਘ ਭੰਗੂ)–ਖਾਲਸਾ ਕਾਲਜ ਆਫ਼ ਲਾਅ ਵਿਖੇ ਆਵਾਜਾਈ ਨਿਯਮਾਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਉਣ ਦੇ ਮਕਸਦ ਤਹਿਤ 'ਟ੍ਰੈਫ਼ਿਕ ਨਿਯਮ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਕਾਲਜ ਡਾਇਰੈਕਟਰ–ਕਮ–ਪ੍ਰਿੰਸੀਪਲ ਡਾ. ਜਸਪਾਲ ਸਿੰਘ ਦੇ ਸਹਿਯੋਗ ਅਤੇ ਪੁਲਿਸ ਕਮਿਸ਼ਨਰ ਸ: ਗੁਰਪ੍ਰੀਤ ਸਿੰਘ ਭੁੱਲਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਟ੍ਰੈਫ਼ਿਕ ਐਜੂਕੇਸ਼ਨ ਸੈਲ ਵੱਲੋਂ ਆਮ ਜਨਤਾ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸੇਵਾਵਾਂ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕੀਤੀ ਗਈ। ਇਸ ਮੌਕੇ ਸਬ ਇੰਸਪੈਕਟਰ ਸ: ਦਲਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਮਨੁੱਖੀ ਕਦਰਾਂ–ਕੀਮਤਾਂ, ਵਾਤਾਵਰਣ, ਨਸ਼ਿਆਂ ਤੋਂ ਬਚਣ ਅਤੇ ਟ੍ਰੈਫਿਕ ਨਿਯਮਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸ: ਦਲਜੀਤ ਸਿੰਘ ਅਤੇ ਹੈਡ ਕਾਂਸਟੇਬਲ ਸ: ਸਲਵੰਤ ਸਿੰਘ ਨੇ ਸਾਂਝੇ ਤੌਰ 'ਤੇ ਵਿਦਿਆਰਥੀਆਂ ਨੂੰ ਮੋਟਰ ਵਹੀਕਲ ਐਕਟ ਅਤੇ ਟ੍ਰੈਫ਼ਿਕ ਦੇ ਨਿਯਮਾਂ ਪ੍ਰਤੀ ਦੱਸਦਿਆਂ ਓਵਰ ਸਪੀਡ, ਗਲਤ ਡਰਾਈਵਿੰਗ, ਟ੍ਰਿਪਲ ਰਾਈਡਿੰਗ, ਡ੍ਰਿੰਕ ਐਂਡ ਡਰਾਈਵ ਨਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹਮੇਸ਼ਾਂ ਗੱਡੀ ਦੇ ਕਾਗਜਾਤ ਅਤੇ ਫਸਟ ਏਡ ਕਿਟ ਆਪਣੇ ਕੋਲ ਰੱਖਣ ਲਈ ਪ੍ਰੇਰਿਤ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹੈਲਮੇਟ ਅਤੇ ਸੀਟ ਬੈਲਟ ਦੀ ਵਰਤੋਂ ਕਰਨ ਦੀ ਅਪੀਲ ਕੀਤੀ। ਸੈਮੀਨਾਰ ਦੀ ਸ਼ੁਰੂਆਤ 'ਚ ਵੈਲਕਮ ਸਪੀਚ ਡਾ. ਮੋਹਿਤ ਸੈਣੀ ਵੱਲੋਂ ਕੀਤੀ ਗਈ। ਇਸ ਮੌਕੇ ਆਫ਼ੀਸੀਏਟਿੰਗ ਪ੍ਰਿੰਸੀਪਲ ਡਾ. ਗੁਨੀਸ਼ਾ ਸਲੂਜਾ ਵੱਲੋਂ ਸ: ਦਲਜੀਤ ਸਿੰਘ ਅਤੇ ਸ: ਸਲਵੰਤ ਸਿੰਘ ਦਾ ਸੈਮੀਨਾਰ 'ਚ ਵਿਦਿਆਰਥੀਆਂ ਨੂੰ ਦਿੱਤੀ ਲਾਹੇਵੰਦ ਜਾਣਕਾਰੀ ਲਈ ਧੰਨਵਾਦ ਕੀਤਾ। ਇਸ ਮੌਕੇ ਡਾ. ਰਾਸ਼ੀਮਾ ਚੰਗੋਤਰਾ, ਡਾ. ਨਿਧੀ, ਡਾ. ਪੂਰਨਿਮਾ ਖੰਨਾ, ਡਾ. ਦਿਵਿਯਾ ਸ਼ਰਮਾ, ਪ੍ਰੋ: ਜਸਦੀਪ ਸਿੰਘ, ਪ੍ਰੋ: ਉਤਕਰਸ਼ ਸੇਠ ਤੋਂ ਇਲਾਵਾ ਹੋਰ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

## ਯਾਦਗਾਰ ਹੋ ਨਿੱਬੜਿਆ ਸਰਕਾਰੀ ਪ੍ਰਾਇਮਰੀ ਸਕੂਲ ਚਮਕੌਰ ਸਾਹਿਬ-1 ਦਾ ਸਾਲਾਨਾ ਸਮਾਗਮ



ਸ੍ਰੀ ਚਮਕੌਰ ਸਾਹਿਬ, 29 ਮਾਰਚ(ਅੰਮ੍ਰਿਤ): ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਸ੍ਰੀ ਚਮਕੌਰ ਸਾਹਿਬ–1, ਦਾ ਸਾਲਾਨਾਂ ਪ੍ਰੋਗਰਾਮ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਕਰਵਾਇਆ ਗਿਆ ।ਸਕੂਲ ਦੇ ਬਹੁਤ ਸਾਰੇ ਬੱਚਿਆਂ ਨੇ ਵੱਧ ਚੜ ਕੇ ਭਾਗ ਲਿਆ ਅਤੇ ਆਪਣੀਆਂ ਕਲਾਵਾਂ ਦਾ ਪ੍ਰਦਰਸ਼ਨ ਕੀਤਾ ।ਇਸ ਮੌਕੇ ਮੁੱਖ ਮਹਿਮਾਨ ਵਜੋਂ ਰਿਟਾਇਰਡ ਪ੍ਰਿੰਸੀਪਲ ਸ੍ਰੀ ਲਛਮਣ ਸਿੰਘ ਜੀ ,ਬੀਪੀਓ ਦਵਿੰਦਰਪਾਲ ਸਿੰਘ ਬੇਦੀ ਅਤੇ ਸੰਜੇ ਖੁਰਾਣਾ ਪੂਰੇ ਸਮਾਗਮ ਦੌਰਾਨ ਹਾਜ਼ਰ ਰਹੇ ਅਤੇ ਬੱਚਿਆਂ ਨੂੰ ਪੂਰੇ ਸਾਲ ਦੌਰਾਨ ਉਹਨਾਂ ਦੀ ਚੰਗੀ ਕਾਰਗੁਜ਼ਾਰੀ ਲਈ ਸਨਮਾਨਿਤ ਕੀਤਾ ਗਿਆ ।ਇਨ੍ਹਾਂ ਇਨਾਮਾਂ ਦੀ ਸੇਵਾ ਰਿਟਾਇਰਡ ਪ੍ਰਿੰਸੀਪਲ ਲਛਮਣ ਸਿੰਘ ਵੱਲੋਂ ਕੀਤੀ ਗਈ ਅਤੇ ਸੰਜੇ ਖੁਰਾਣਾ ਦੇ ਐਨ .ਆਰ .ਆਈ. ਰਿਸ਼ਤੇਦਾਰ ਜਵਾਈ ਪੰਕਜ ਕਵਾਤਰਾ ਤੇ ਧੀ ਪਲਵੀ ਖੁਰਾਣਾ ਵੱਲੋਂ ਦੋ ਸਮਾਰਟ ਐਲ .ਈ .ਡੀ. ਸਕੂਲ ਨੂੰ ਭੇਂਟ ਕੀਤੀਆਂ ਗਈਆਂ ।ਇਸ ਸਮਾਗਮ ਦੌਰਾਨ ਬੱਚਿਆਂ ਅਤੇ ਉਹਨਾਂ ਦੇ ਮਾਤਾ–ਪਿਤਾ ਲਈ ਖਾਣ ਪੀਣ ਦਾ ਪ੍ਰਬੰਧ ਸਕੂਲ ਦੇ ਕੁਕਿੰਗ ਸਟਾਫ਼ ਜਸਪਾਲ ਕੌਰ ,ਰਣਜੀਤ ਕੌਰ ,ਬਲਵਿੰਦਰ ਕੌਰ ,ਰਾਣੀ ਦੁਆਰਾ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਗਿਆ ।ਸਕੂਲ ਦੀ ਸਾਫ ਸਫਾਈ ਦਾ ਪ੍ਰਬੰਧ ਸਫਾਈ ਕਰਮਚਾਰੀ ਜਸਵਿੰਦਰ ਕੌਰ ਦੁਆਰਾ ਬਹੁਤ ਹੀ ਵਧੀਆ ਅਤੇ ਸਲਾਘਾਯੋਗ ਤਰੀਕੇ ਨਾਲ ਕੀਤਾ ਗਿਆ ।ਇਸ ਮੌਕੇ ਸਕੂਲ ਇੰਚਾਰਜ਼ ਗੁਰਪ੍ਰੀਤ ਸਿੰਘ ਕੈਂਥੋ ਅਤੇ ਸਮੂਹ ਸਕੂਲ ਸਟਾਫ਼ ਵੱਲੋਂ ਸਮਾਗਮ ਵਿੱਚ ਪਹੁੰਚੇ ਮੁੱਖ ਮਹਿਮਾਨਾਂ ਅਤੇ ਸਮੂਹ ਪਤਵੰਤਿਆਂ ਅਤੇ ਸਹਿਯੋਗੀ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ।ਇਸ ਮੌਕੇ ਸਮੂਹ ਸਕੂਲ ਸਟਾਫ਼ ਗੁਰਪ੍ਰੀਤ ਸਿੰਘ ਕੈਂਥੋ ,ਰੁਪਿੰਦਰਜੀਤ ਕੌਰ ,ਹਰਜੀਤ ਕੌਰ ,ਹਰਜੋਤ ਕੌਰ ,ਚੇਅਰਮੈਨ ਜਸਵੀਰ ਸਿੰਘ ,ਪਰਸ਼ੋਤਮ ਕੁਮਾਰ ,ਚੱਕਰਵਰਤੀ ਪਾਠਕ ,ਅਮਨਦੀਪ ਕੌਰ ,ਮਿਸ ਹਰਨੀਤ ਕੌਰ ਸਾਂਝੀ ਸਿੱਖਿਆ ,ਕਮਲਜੀਤ ਕੌਰ ਅਤੇ ਰੀਨਾ ਹਾਜ਼ਰ ਸਨ।



### ਡਾ. ਦੌਲਤ ਰਾਮ ਭੱਲਾ ਡੀ.ਏ.ਵੀ. ਸੈਨੇਟਰੀ ਸਕੂਲ ਵੱਲੋਂ ਨਤੀਜੀਆਂ ਐਲਾਨ

# ਵਰਧਾਨ ਚੱਡਾ ਨੇ 98.8 ਫੀਸਦੀ ਅੰਕ ਹਾਸਲ ਕਰਕੇ ਨਾਮ ਰੋਸ਼ਨ ਕੀਤਾ

**■ ਵਰਧਾਨ ਚੱਡਾ ਨੇ ਆਪਣੀ ਮਿਹਨਤ ਦਾ ਸਿਹਰਾ ਦਾਦਾ ਦਾਦੀ ਦੀ ਮਿਹਨਤ ਸਿਰ ਬੰਨਿਆ • ਆਈਏਐਸ ਅਫ਼ਸਰ ਬਣਨ ਦਾ ਸੁਪਨਾ ਵੇਖਦਾ ਹੈ ਵਰਧਾਨ- ਸੌਰਵ ਚੱਡਾ**







ਬਟਾਲਾ,29 ਮਾਰਚ (ਰਮੇਸ਼ ਬਹਿਲ)–ਡਾ.ਦੌਲਤ ਰਾਮ ਭੱਲਾ ਡੀ.ਏ.ਵੀ. ਸੈਨੇਟਰੀ ਸਕੂਲ ਦਾ ਜਮਾਤ ਤੀਸਰੀ, ਚੌਥੀ ਅਤੇ ਪੰਜਵੀਂ ਜਮਾਤ ਦੇ ਸ਼ੈਸਨ 2023-24 ਦੀਆਂ ਪ੍ਰੀਖਿਆਵਾਂ ਦਾ ਨਤੀਜੀਆਂ ਐਲਾਨਿਆ ਗਿਆ। ਦੂਸਰੀ ਜਮਾਤ ਦੇ ਵਰਧਾਨ ਚੱਡਾ ਪੁੱਤਰ ਸੌਰਵ ਚੱਡਾ ਨੇ 98.8 ਫੀਸਦੀ ਅੰਕ ਹਾਸਿਲ ਕਰਕੇ ਸਕੂਲ ਤੇ ਮਾਪਿਆ ਦਾ ਨਾਮ ਰੋਸ਼ਨ ਕੀਤਾ। ਵਰਧਾਨ ਦੀ ਇਸ ਕਾਮਯਾਬੀ ’ਤੇ ਸਕੂਲ ਅਧਿਆਪਕ ਸਟਾਫ ਤੇ ਹੋਰਨਾਂ ਵੱਲੋਂ ਵਧਾਈਆਂ ਦਿੱਤੀਆਂ। ਇਸ ਕਾਮਯਾਬੀ ’ਤੇ ਜਦੋਂ ਵਰਧਾਨ ਨਾਲ ਗੱਲ ਕੀਤੀ ਤਾਂ ਉਸਨੇਆਪਣੀ ਇਸ ਕਾਮਯਾਬੀ ਦਾ ਸਿਹਰਾ ਦਾਦਾ ਦਾਦੀ ਦੀ ਮਿਹਨਤ ਦੇ ਸਿਰ ਬੰਨਿਆਂ । ਵਰਧਾਨ ਚੱਡਾ ਦੇ ਪਿਤਾ ਸੋਰਵ ਚੱਡਾ ਨੇ ਕਿਹਾ ਕਿ ਵਰਧਾਨ ਪੜ੍ਹਨ ਦਾ ਸ਼ੋਕੀਨ ਹੈ ਜਦੋਂ ਉਸਨੂੰ ਪੁੱਛੀਏ ਕਿ ਉਹ ਜਵਾਬ ਦਿੰਦਾ ਹੈ ਕਿ ਉਸਦਾ ਸੁਪਨਾ ਹੈ ਕਿ ਉਹ ਆਈਏਐਸ ਅਧਿਕਾਰੀ ਬਣੇ। ਇਸ ਮੌਕੇ ਸਕੂਲ ਕਾਰਜਕਾਰੀ ਅਧਿਆਪਕ ਇੰਚਾਰਜ ਸੁਖਦੇਵ ਰਾਜ ਨੇ ਦੱਸਿਆ ਕਿ ਤੀਸਰੀ ਜਮਾਤ ਵਿੱਚ ਮਨਰਾਜ ਸਿੰਘ ਨੇ 99.3 ਪ੍ਰਤੀਸ਼ਤ ਅੰਕ ਲੇ ਕੇ ਜਮਾਤ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਸੇ ਪ੍ਰਕਾਰ ਚੌਥੀ ਜਮਾਤ ਵਿੱਚ ਕਵਿਸ਼ ਨੇ 98. 7 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ ਸਥਾਨ, ਪੰਜਵੀਂ ਜਮਾਤ ਵਿੱਚ ਮਨੀਤ ਕੌਰ ਨੇ 98. 1 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ ਸਥਾਨ ਪਾਇਆ। ਇਸੇ ਪ੍ਰਕਾਰ ਤੀਸਰੀ ਜਮਾਤ ਵਿੱਚ ਜਾਨਵੀ ਅਤੇ ਜੈਸਨਾ ਨੇ 99 ਪ੍ਰਤੀਸ਼ਤ ਅੰਕ ਲੈ ਕੇ ਦੂਸਰਾ ਅਤੇ ਮਾਨਵ ਨੇ 96. 4 ਪ੍ਰਤੀਸ਼ਤ ਨਾਲ ਤੀਸਰਾ, ਯੈਲੋ ਤੀਸਰਾ ਵਿੱਚ ਪਾਵਨੀ ਮਹਿਤਾ ਨੇ 98. 4 ਪ੍ਰਤੀਸ਼ਤ ਨਾਲ ਦੂਸਰਾ ਅਤੇ ਗੁਰਲਗਨ ਕੌਰ ਅਤੇ ਕਨਵ ਗੋਇਲ ਨੇ 98 ਪ੍ਰਤੀਸ਼ਤ ਅੰਕ ਨਾਲ ਤੀਸਰਾ ਸਥਾਨ, ਬਲਯੂ ਵਿੱਚ ਖਿਆਨਾ ਨੇ 99 ਪ੍ਰਤੀਸ਼ਤ ਨਾਲ ਪਹਿਲਾ, ਹਿਰਮਾਯਨੀ ਨੇ 97. 8 ਪ੍ਰਤੀਸ਼ਤ ਨਾਲ ਦੂਸਰਾ, ਨਮਨ ਪੁਤਾਕਰ ਨੇ 97. 8 ਪ੍ਰਤੀਸ਼ਤ ਨਾਲ ਤੀਸਰਾ ਸਥਾਨ, ਦੂਸਰਾ ਗ੍ਰੀਨ ਅਤੇ ਵਰਦਾਨ 98. 8 ਪ੍ਰਤੀਸ਼ਤ ਪਹਿਲਾ, ਇਸ਼ਾਨ 98. 6 ਦੂਸਰਾ, ਆਕਾਸ਼ ਅਤੇ ਜਪਲੀਨ ਕੌਰ ਨੇ 98. 5 ਪ੍ਰਤੀਸ਼ਤ ਅੰਕ ਨਾਲ ਤੀਸਰਾ ਸਥਾਨ, ਚੌਥੀ ਜਮਾਤ ਤੇ ਦਿਲਸ਼ਾਦ ਕੌਰ, ਸ਼ਹਿਬਾਜ ਸਿੰਘ ਨੇ 96. 3 ਪ੍ਰਤੀਸ਼ਤ ਅੰਕ ਪਹਿਲਾ, ਸਾਨਿਆ 95. 9 ਪ੍ਰਤੀਸ਼ਤ ਦੂਸਰਾ, ਨਯਨ 95. 4 ਪ੍ਰਤੀਸ਼ਤ ਤੀਸਰਾ, ਚੌਥੀ ਯੈਲੋ ਤੋਂ ਪਾਵਨੀ ਅਗਰਵਾਲ ਅਤੇ ਹਿਮਾਂਸ਼ੀ 97. 7 ਪ੍ਰਤੀਸ਼ਤ ਅੰਕ ਦੂਸਰਾ ਕਿਰਨਪ੍ਰੀਤ ਕੌਰ 95. 4 ਪ੍ਰਤੀਸ਼ਤ ਅੰਕ ਤੀਸਰਾ ਸਥਾਨ, ਚੌਥੀ ਬਲਿਯੂ, ਪਾਂਚੀ 98 ਪ੍ਰਤੀਸ਼ਤ ਅੰਕ ਪਹਿਲਾ, ਭਾਵਿਤਾ ਅਤੇ ਸਮਰਵੀਰ ਅਤੇ ਹਰਪ੍ਰਤੀਕ ਦੂਸਰਾ ਸਥਾਨ, ਹਰਸ਼ਿਕਾ 94. 3 ਪ੍ਰਤੀਸ਼ਤ ਤੀਸਰਾ ਸਥਾਨ, ਚੌਥੀ ਗ੍ਰੀਨ ਜਮਾਤ ਤੋਂ ਰਿਵਤਿਕ ਅਤੇ ਸੂਕਸ਼ਮ 97 ਪ੍ਰਤੀਸ਼ਤ ਪਹਿਲਾ, ਸੀਰਤ ਚੌਹਾਨ 95 ਪ੍ਰਤੀਸ਼ਤ, ਦੂਸਰਾ ਸਹਿਜਪ੍ਰੀਤ ਸਿੰਘ 93 ਪ੍ਰਤੀਸ਼ਤ ਨਾਲ ਤੀਸਰਾ ਸਥਾਨ ਹਾਸਲ ਕੀਤਾ। ਪੰਜਵੀਂ ਰੋਡ ਵਿਚ ਕਾਵਿਆ 97. 6 ਪ੍ਰਤੀਸ਼ਤ ਦੂਸਰਾ, ਪ੍ਰਾਚੀ ਸ਼ਰਮਾ, ਸ੍ਰਿਸ਼ਟੀ, ਤਾਨਿਸ਼ ਸ਼ਰਮਾ ਨੇ 96 ਪ੍ਰਤੀਸ਼ਤ ਅੰਕ ਨਾਲ ਤੀਸਰਾ, ਪੰਜਵੀਂ ਯੇਲੇ ਨਾਲ ਕ੍ਰਿਸ਼ ਸੋਢੀ 97. 6 ਪ੍ਰਤੀਸ਼ਤ ਪਹਿਲਾ, ਜਪਨੂਰ ਅਤੇ ਜਾਨਵੀ ਨੇ 93 ਪ੍ਰਤੀਸ਼ਤ ਅੰਕ ਨਾਲ ਦੂਸਰਾ, ਕੁਸਾਰ, ਸਗੀਨ 90. 5 ਪ੍ਰਤੀਸ਼ਤ ਤੀਸਰਾ, ਪੰਜਵੀਂ ਬਲਿਉ ਕਾਰਤਿਕ ਗੇਂਦ, ਰੋਜਲਦੀਪ 97, 8 ਪ੍ਰਤੀਸ਼ਤ ਪਹਿਲਾ, ਅਰਚਿਤ ਗੋਇਲ ਅਤੇ ਭਵਿਆ ਕੁਮਾਰ 97.1 ਪ੍ਰਤੀਸ਼ਤ ਦੂਸਰਾ, ਦੀਆ ਲੁਥਰਾ ਅਤੇ ਪ੍ਰੀਤੀ ਬੇਦੀ 96. 5 ਪ੍ਰਤੀਸ਼ਤ ਤੀਸਰਾ ਸਥਾਨ, ਪੰਜਵੀਂ ਗ੍ਰੀਨ, ਮਾਘਵ ਲੂਥਰਾ 96. 5 ਪ੍ਰਤੀਸ਼ਤ ਪਹਿਲਾ, ਲਵ ਡੋਗਰਾ 95. 9 ਪ੍ਰਤੀਸ਼ਤ ਦੂਸਰਾ, ਮਯੰਕ ਵਿੱਜ ਅਤੇ ਪੁਸ਼ਪਦੀਪ ਸਿੰਘ 95. 2 ਪ੍ਰਤੀਸ਼ਤ ਦੂਸਰਾ, ਪੰਜਵੀਂ ਜਮਾਤ ਔਰੰਜ ਆਯੂਸ਼ ਵਿੰਗ ਅਤੇ ਲਵਨਿਆ 97. 3 ਪ੍ਰਤੀਸ਼ਤ ਪਹਿਲਾ, ਦੀਆ ਅਤੇ ਸਹਿਲਜੋਤ ਸਿੰਘ 94.4 ਪ੍ਰਤੀਸ਼ਤ ਦੂਸਰਾ, ਗੈਤਿਕ ਕੁਮਾਰ 93.4 ਪ੍ਰਤੀਸ਼ਤ ਤੀਸਰਾ ਸਥਾਨ ਪਾਇਆ, ਵਿਦਿਆਰਥੀਆਂ ਦੇ ਨਤੀਜਿਆਂ ਨੂੰ ਦੇਖ ਮਾਤਾ ਪਿਤਾ ਬਹੁਤ ਹੀ ਖੁਸ਼ ਸਨ। ਵਿਦਿਆਰਥੀਆਂ ਨੇ ਲਗਾਤਾਰ ਆਪਣੀ ਸਿੱਖਿਆ ਯੋਗਤਾ ਵਿਚ ਬੇਮਿਸਾਲ ਸੁਧਾਰ ਕੀਤਾ ਹੈ। ਇਸੇ ਸੁਧਾਰ ਨੂੰ ਲੈ ਕੇ ਮਾਤਾ ਪਿਤਾ ਅਤੇ ਬੱਚਿਆਂ ਵਿੱਚ ਖੁਸ਼ੀ ਦੀ ਕੋਈ ਸੀਮਾ ਨਹੀਂ ਸੀ। ਸਾਰੇ ਅਧਿਆਪਕ, ਬੱਚਿਆਂ, ਅਧਿਆਪਕ, ਇੱਕ ਦੂਸਰੇ ਦਾ ਮੂੰਹ ਮਿੱਠਾ ਕਰਵਾ ਰਹੇ ਸਨ। ਸਕੂਲ ਕੈਂਪਸ ਨੂੰ ਅਲੱਗ ਹੀ ਵਾਤਾਵਰਨ ਦੱਖਣ ਨੂੰ ਮਿਲਿਆ। ਸਕੂਲ ਚੇਅਰਮੈਨ ਰਾਜੇਸ਼ ਕਵਾਤਰਾ ਮੇਨੇਜਰ ਡਾ. ਨੀਰਾ ਸ਼ਰਮਾ, ਸਕੂਲ ਕਾਰਜਕਾਰੀ ਅਧਿਆਪਕ ਇੰਚਾਰਜ ਸੁਖਦੇਵ ਰਾਜ ਨੇ ਵਿਦਿਆਰਥੀਆਂ, ਮਾਤਾ ਪਿਤਾ ਅਤੇ ਅਧਿਆਪਕਾਂ ਵਧੀਆ ਨਤੀਜਿਆਂ ’ਤੇ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਭਵਿੱਖ ਵਿੱਚ ਉਜਵੱਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਨਵਨੀਤ ਕੌਰ, ਮਜੂਲਾ ਨੰਬ, ਰਿਤੂ ਕਾਂਸਰਾ, ਰਜਨੀ, ਸਵਿਤਾ ਮਹਾਜਨ, ਰਾਜਵਿੰਦਰ, ਨਮਤਾ, ਪੂਨਮ, ਸ਼ੈਲੀ ਸ਼ਰਮਾ, ਰੋਜ਼ੀ ਅਹੁਜਾ, ਨੰਦਿਨੀ, ਨਿਸ਼ਾ, ਹਿਮਾਨੀ ਪੁਰੀ ਕੁਲਵਿੰਦਰ ਕੌਰ, ਵਿਪਨ ਪੁਰੀ ਨੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦਿੱਤਾ।

# ਬੇਲਾ ਕਾਲਜ ਦਾ ਬੀ.ਬੀ.ਏ. ਦਾ ਨਤੀਜਾ ਰਿਹਾ ਸ਼ਾਨਦਾਰ



ਸ਼੍ਰੀ ਚਮਕੌਰ ਸਾਹਿਬ, 29 ਮਾਰਚ ( ਅੰਮ੍ਰਿਤ ) ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਮੈਨਜਮੈਂਟ ਵਿਭਾਗ ਦੇ ਬੀ.ਬੀ.ਏ. ਭਾਗ ਪਹਿਲਾ ਦੇ ਸਮੈਸਟਰ ਦੂਜਾ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਵਿਭਾਗ ਮੁਖੀ ਪ੍ਰੋ. ਗੁਰਲਾਲ ਸਿੰਘ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਐਲਾਨੇ ਗਏ ਨਤੀਜਿਆਂ ਵਿੱਚ ਬੀ.ਬੀ.ਏ. ਵਿਭਾਗ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਅਕਾਦਮਿਕ ਪੱਧਰ ਤੇ ਮੱਲਾਂ ਮਾਰੀਆਂ ਹਨ। ਇਹਨਾਂ ਵਿੱਚ ਹਰਮਨਜੋਤ ਕੌਰ ਪੁੱਤਰੀ ਗੁਰਬਚਨ ਸਿੰਘ ਨੇ 87 ਪ੍ਰਤੀਸ਼ਤ ਨੰਬਰ ਲੈ ਕੇ ਸੰਸਥਾ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।ਇਸ ਦੇ ਨਾਲ ਹੀ ਹਰਜੀਤ ਕੌਰ ਪੁੱਤਰੀ ਸ. ਕਰਨ ਸਿੰਘ ਨੇ 82 ਪ੍ਰਤੀਸ਼ਤ ਅਤੇ ਵਿਦਿਆਰਥੀ ਗੁਰਸਿਮਰਨ ਸਿੰਘ ਪੁੱਤਰ ਸ. ਅਵਤਾਰ ਸਿੰਘ ਨੇ 80 ਪ੍ਰਤੀਸ਼ਤ ਨੰਬਰ ਹਾਸਿਲ ਕਰਕੇ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਉਹਨਾਂ ਦੱਸਿਆ ਕਿ ਸਾਰੇ ਹੀ ਵਿਦਿਆਰਥੀਆਂ ਨੇ ਅਕਾਦਮਿਕ ਪੱਧਰ ਤੇ ਬੇਮਿਸਾਲ ਪ੍ਰਦਰਸ਼ਨ ਕਰਦਿਆਂ ਚੰਗੇ ਅੰਕਾਂ ਨਾਲ ਪਾਸ ਹੋ ਕੇ 100 ਪ੍ਰਤੀਸ਼ਤ ਨਤੀਜਾ ਦਿੱਤਾ ਹੈ। ਇਸ ਮੌਕੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਸਾਰੇ ਹੀ ਵਿਦਿਆਰਥੀਆਂ ਅਤੇ ਵਿਭਾਗ ਦੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਪਹਿਲੇ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ।ਉਹਨਾਂ ਕਿਹਾ ਕਿ ਸੰਸਥਾ ਵਿੱਚ ਅਕਾਦਮਿਕ ਪੱਧਰ ਦੇ ਨਤੀਜੇ ਸਦਾ ਹੀ ਸ਼ਾਨਦਾਰ ਹੁੰਦੇ ਹਨ ਅਤੇ ਇਸਦੇ ਨਾਲ ਹੀ ਸਭ ਵਿਦਿਆਰਥੀਆਂ ਨੂੰ ਆਪੋ-ਆਪਣੀ ਪ੍ਰਤਿਭਾ ਨੂੰ ਨਿਖਾਰਨ ਲਈ ਕਈ ਸਹਿ-ਵਿੱਦਿਅਕ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਉਹਨਾਂ ਸਾਰੇ ਹੀ ਸਟਾਫ਼ ਅਤੇ ਵਿਦਿਆਰਥੀਆਂ ਨੂੰ ਹੋਰ ਵਧੇਰੇ ਮਿਹਨਤ ਕਰਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਡਾ. ਮਮਤਾ ਅਰੋੜਾ, ਪ੍ਰੋ. ਗੁਰਿੰਦਰ ਸਿੰਘ, ਪ੍ਰੋ. ਪ੍ਰੀਤਕਮਲ ਕੌਰ, ਪ੍ਰੋ. ਹਰਪ੍ਰੀਤ ਕੌਰ ਅਤੇ ਸਾਰੇ ਵਿਦਿਆਰਥੀ ਹਾਜ਼ਰ ਸਨ।

# ਇੱਕ ਨਜ਼ਰ



## ਨੌਜਵਾਨ ਪੀੜੀ ਨਸ਼ੇ ਦੀ ਦਲਦਲ ਵਿਚੋਂ ਨਿਕਲ ਕੇ ਦੇਸ਼ ਸੇਵਾ ਵਿਚ ਆਪਣਾ ਯੋਗਦਾਨ ਪਾਵੇ-ਬਾਬਾ ਕੰਵਲਜੀਤ ਸਿੰਘ

### ਨੌਜਵਾਨਾਂ ਵਿੱਚ ਨਸ਼ੇ ਦਾ ਵੱਧਣਾ ਚਿੰਤਾ ਦਾ ਵਿਸ਼ੇ-ਮਦਨਜੀਤ ਸਿੰਘ

ਬਟਾਲਾ, 29 ਮਾਰਚ (ਰਮੇਸ਼ ਬਹਿਲ)–ਅੱਜ ਸੂਬਾ ਪ੍ਰਧਾਨ ਮਦਨਜੀਤ ਸਿੰਘ ਨੇ ਆਪਣੇ ਸਾਥੀਆਂ ਦੇ ਨਾਲ ਗੁਰਦੁਆਰਾ ਸ਼੍ਰੀ ਨਾਗਿਆਨਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਬਾਬਾ ਕੰਵਲਜੀਤ ਸਿੰਘ ਦਾ ਆਸ਼ੀਰਵਾਦ ਲਿਆ ਅਤੇ ਇੱਕ ਮੀਟਿੰਗ ਕੀਤੀ ਗਈ ।ਮੀਟਿੰਗ ਦੌਰਾਨ ਬਾਬਾ ਕੰਵਲਜੀਤ ਸਿੰਘ ਨੇ ਕਿਹਾ ਕਿ ਸਾਡੀ ਨੌਜਵਾਨ ਪੀੜ੍ਹੀ ਜੋ ਕਿ ਨਸ਼ੇ ਦੇ ਦਲਦਲ ਵੱਲ ਖਿੱਚੀ ਚਲੀ ਜਾ ਰਹੀ ਹੈ ਨੂੰ ਨਸ਼ੇ ਦੇ ਦਲਦਲ ਵਿੱਚੋ ਨਿਕਲ ਕੇ ਦੇਸ਼ ਦੀ ਸੇਵਾ ਵਿਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਤੇ ਸੂਬਾ ਪ੍ਰਧਾਨ ਨੇ ਕਿਹਾ ਨੌਜਵਾਨ ਪੀੜ੍ਹੀ ਵਿਚ ਨਸ਼ੇ ਦਾ ਪ੍ਰਚਲਨ ਚਿੰਤਾ ਦਾ ਵਿਸ਼ਾ ਹੈ। ਜਿਸ ਨਾਲ ਉਹ ਆਪਣੀ ਸੰਸਕ੍ਰਿਤੀ ਤੋਂ ਦੂਰ ਹੁੰਦਾ ਜਾ ਰਿਹਾ ਹੈ। ਇਸ ਮੌਕੇ ਤੇ ਉਨ੍ਹਾਂ ਦੇ ਨਾਲ ਗੁਰਬਚਨ ਸਿੰਘ ਮੋਖਾ, ਸਾਬਕਾ ਸਰਪੰਚ ਅਮਰੀਕ ਸਿੰਘ, ਐਡਵੋਕੇਟ ਪਰਮਜੀਤ ਤਲਵਾੜ, ਸਰਪੰਚ ਪਰਮਜੀਤ ਸਿੰਘ, ਮੰਗਲ ਸਿੰਘ, ਪ੍ਰਭਜੋਤ ਸਿੰਘ ਬਟਾਲਵੀ ਆਦਿ ਹਾਜ਼ਰ ਸਨ।

## ਸ਼ਿਵ ਸੈਨਾ ਊਧਵ ਬਾਲਾ ਸਾਹਿਬ ਠਾਕਰੇ ਵੱਲੋਂ ਜੂਆ ਅਤੇ ਨਜਾਇਜ਼ ਲਾਟਰੀ ਦੇ ਸੰਬੰਧ ’ਚ ਕੀਤੀ ਗਈ ਹੰਗਾਮੀ ਮੀਟਿੰਗ

### ਰੈਕੇਟ ਚਲਾ ਰਹੇ ਮਾਫੀਆ ਨੂੰ ਕਾਬੂ ਕਰਕੇ ਲੋਕਾਂ ਦੇ ਸਾਹਮਣੇ ਬੇਨਕਾਬ ਕੀਤਾ ਜਾਵੇ-ਰਮੇਸ਼ ਨਈਅਰ



ਬਟਾਲਾ, 29 ਮਾਰਚ (ਰਮੇਸ਼ ਬਹਿਲ)–ਅੱਜ ਸ਼ਿਵ ਸੈਨਾ ਊਧਵ ਬਾਲਾ ਸਾਹਿਬ ਠਾਕਰੇ ਵੱਲੋਂ ਇੱਕ ਹੰਗਾਮੀ ਮੀਟਿੰਗ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਰਮੇਸ਼ ਨਈਅਰ ਦੀ ਅਗਵਾਈ ਹੇਠ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਰਮੇਸ਼ ਨਈਅਰ ਨੇ ਕਿਹਾ ਕਿ ਜਿਵੇਂ ਹੀ ਆਈ.ਪੀ.ਐੱਲ ਦੇ ਮੈਚ ਸ਼ੁਰੂ ਹੁੰਦੇ ਹਨ ਤਾਂ ਕ੍ਰਿਕਟ ਖੇਡ ’ਚ ਜੇਤੂ ਟੀਮਾਂ ਦੇ ਨਾਂਅ ’ਤੇ ਸੱਟੇਬਾਜ਼ੀ ਦਾ ਕਾਰੋਬਾਰ ਵੱਡੇ ਪੱਧਰ ’ਤੇ ਸ਼ੁਰੂ ਹੋ ਜਾਂਦਾ ਹੈ। ਇਨ੍ਹੀਂ ਦਿਨੀਂ ਬਟਾਲਾ ਸ਼ਹਿਰ ਵਿੱਚ ਵੀ ਇਹ ਬੁਰਾਈ ਵੱਡੇ ਪੱਧਰ ’ਤੇ ਚੱਲ ਰਹੀ ਹੈ। ਇਸ ਤੋਂ ਇਲਾਵਾ ਜੂਆ ਅਤੇ ਨਾਜਾਇਜ਼ ਲਾਟਰੀ ਵੀ ਚੱਲ ਰਹੀ ਹੈ ਪਰ ਬਟਾਲਾ ਪੁਲਿਸ ਇਨ੍ਹਾਂ ਸਮਾਜਿਕ ਬੁਰਾਈਆਂ ਵੱਲ ਕੋਈ ਧਿਆਨ ਨਹੀਂ ਦੇ ਰਹੀ। ਸ਼ਹਿਰ ਦੇ ਗਰੀਬ ਘਰਾਂ ਦੇ ਨੌਜਵਾਨ ਇਸ ਸਮਾਜਿਕ ਬੁਰਾਈ ਵਿੱਚ ਫਸ ਕੇ ਨਾ ਸਿਰਫ਼ ਪੈਸੇ ਦੀ ਬਰਬਾਦੀ ਕਰ ਰਹੇ ਹਨ ਸਗੋਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਮੁਸੀਬਤ ਵਿੱਚ ਪਾ ਰਹੇ ਹਨ। ਮਿਸਾਲ ਵਜੋਂ ਨਸ਼ਿਆਂ ਦੀ ਵਿਕਰੀ ਰੋਕਣ ਦੇ ਨਾਲ-ਨਾਲ ਪੁਲਿਸ ਪ੍ਰਸ਼ਾਸਨ ਨੂੰ ਜੂਏ ਆਦਿ ਨੂੰ ਵੀ ਬੰਦ ਕਰਨਾ ਚਾਹੀਦਾ ਹੈ ।ਉਹਨਾਂ ਨੇ ਪ੍ਰਸ਼ਾਸ਼ਨ ਤੋਂ ਇਹ ਮੰਗ ਕੀਤੀ ਹੈ ਕਿ ਰੈਕੇਟ ਚਲਾ ਰਹੇ ਮਾਫੀਆ ਨੂੰ ਕਾਬੂ ਕਰਕੇ ਲੋਕਾਂ ਦੇ ਸਾਹਮਣੇ ਬੇਨਕਾਬ ਕੀਤਾ ਜਾਵੇ ਕਿਉਂਕਿ ਲੋਕ ਆਰਥਿਕ ਤੌਰ ’ਤੇ ਕਮਜ਼ੋਰ ਹੁੰਦੇ ਜਾ ਰਹੇ ਹਨ ਅਤੇ ਸ਼ਹਿਰ ਦੇ ਮੁਰਗੀ ਮੁਹੱਲਾ, ਹੱਥੀ ਗੇਟ, ਅੱਚਲੀ ਗੇਟ, ਮਾਨ ਨਗਰ, ਸਿਨੇਮਾ ਰੋਡ, ਗਾਂਧੀ ਚੌਂਕ, ਕਾਦੀਆਂ ਚੁੰਗੀ, ਗਾਂਧੀ ਕੈਂਪ, ਪੁਲਿਸ ਲਾਈਨ ਰੋਡ, ਬੀਕੋ, ਖਜੂਰੀ ਗੇਟ ਆਦਿ ਇਲਾਕੇ ਅਤੇ ਜੂਏ ਦਾ ਕਾਰੋਬਾਰ ਸ਼ਰੇਆਮ ਚੱਲ ਰਿਹਾ ਹੈ। ਇਸ ਮੌਕੇ ਸਿਪਾਹੀ ਹੰਸਾ ਸਿੰਘ, ਅਵਤਾਰ ਕਾਲਾ, ਰਾਕੇਸ਼ ਮਹਾਜਨ, ਰਾਹੁਲ, ਮੰਗਲ ਦਾਸ, ਸ਼ੰਮੀ ਨਾਇਰ ਆਦਿ ਵੱਡੀ ਗਿਣਤੀ ਵਿੱਚ ਸ਼ਿਵ ਸੈਨਿਕ ਹਾਜ਼ਰ ਸਨ। ਉਨ੍ਹਾਂ ਪੁਲਿਸ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੁਲਿਸ ਨੇ ਬਟਾਲਾ ਸ਼ਹਿਰ ਦੇ ਲੋਕਾਂ ਦੀ ਉਪਰੋਕਤ ਸਮੱਸਿਆ ਦਾ ਹੱਲ ਨਾ ਕੀਤਾ ਤਾਂ ਅਸੀਂ ਚੁੱਪ ਨਹੀਂ ਬੈਠਾਂਗੇ, ਨਈਅਰ ਨੇ ਕਿਹਾ ਕਿ ਐਸਐਸਪੀ ਬਟਾਲਾ ਤੋਂ ਮੰਗ ਹੈ ਕਿ ਆਈਪੀਐਲ ਸੱਟੇਬਾਜ਼ਾਂ ਨੂੰ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕਰਕੇ ਲੋਕਾਂ ਦੇ ਸਾਹਮਣੇ ਲਿਆਂਦਾ ਜਾਵੇ ਨਹੀਂ ਤਾਂ ਸ਼ਿਵ ਸੈਨਾ ਸੰਘਰਸ਼ ਕਰੇਗੀ।


STING OPERATION
(Newspaper & Web Channel)

के लिए समूह भारत में जिला इंचार्ज, पत्रकारों एवं विज्ञापन एजेंट्स की जरूरत है।

सम्पर्क करें

90416-59160
stingnews24@gmail.com

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਸ਼ਨਿੱਚਰਵਾਰ, 30 ਮਾਰਚ 2024






## ਇੱਕ ਨਜ਼ਰ



### ਗੁਰਦੁਆਰਾ ਭੱਗਤ ਜੱਲਣ ਦਾਸ ਜੀ ਨੋਸ਼ਹਿਰਾ ਢਾਲਾ ਵਿੱਖੇ ਵਿਸਾਖੀ ਦੇ ਮੇਲੇ ਦੀਆਂ ਤਿਆਰੀ ਮੁਕੰਮਲ-ਬਾਬਾ ਨਿਰਮਲ ਸਿੰਘ, ਦਵਿੰਦਰ ਸਿੰਘ ਸੰਧੂ ਲਾਲੀ ਢਾਲਾ

ਸਰਾਏ ਅਮਾਨਤ ਖਾਂ, 29 ਮਾਰਚ (ਗੁਰਬੀਰ ਸਿੰਘ ਗੰਡੀਵਿੰਡ )-ਭਾਰਤ-ਪਾਕਿ ਤੇ ਸਥਿਤ ਪਿੰਡ ਨੋਸ਼ਹਿਰਾ ਢਾਲਾ ਵਿਖੇ ਗੁਰਦੁਆਰਾ ਤਪ ਅਸਥਾਨ ਭਗਤ ਜੱਲਣ ਦਾਸ ਜੀ ਵਿਖੇ ਦੋ ਰੋਜ਼ਾ ਵਿਸਾਖੀ ਦਾ ਸਲਾਨਾ ਜੋੜ ਮੇਲਾ 13,14 ਅਪ੍ਰੈਲ ਨੂੰ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।ਮੇਲੇ ਸਬੰਧੀ ਤਿਆਰੀਆਂ ਮੁਕੰਮਲ ਹੋ ਰਹੀਆਂ ਹਨ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼੍ਰੋਮਣੀ ਕਮੇਟੀ ਮੈਂਬਰ ਬਾਬਾ ਨਿਰਮਲ ਸਿੰਘ ਅਤੇ ਉੱਘੇ ਸਮਾਜ ਸੇਵਕ ਅਤੇ ਸਰਪੰਚ ਦਵਿੰਦਰ ਸਿੰਘ ਸੰਧੂ ਲਾਲੀ ਢਾਲਾ ਨੇ ਦੱਸਿਆ ਕਿ ਇਸ ਮੇਲੇ ਵਿਚ ਦੇਸ਼ ਵਿਦੇਸ਼ ਤੋਂ ਸੰਗਤਾਂ ਵੱਡੀ ਗਿਣਤੀ ਵਿਚ ਪਹੁੰਚ ਰਹੀਆਂ ਹਨ ਜਿਨ੍ਹਾਂ ਲਈ ਸਾਈਕਲ,ਮੋਟਰਸਾਈਕਲ,ਗੱਡੀਆਂ ਦੇ ਸਟੈਂਡ ਦਾ ਪ੍ਰਬੰਧ ਅਤੇ ਸੰਗਤਾ ਲਈ ਠੰਡੇ ਮਿੱਠੇ ਜਲ ਅਤੇ ਲੰਗਰਾਂ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ। ਮੇਲੇ ਵਿਚ ਸੰਗਤਾਂ ਦੀ ਸੇਹਤ ਸੁਰੱਖਿਆ ਲਈ ਮੈਡੀਕਲ ਕੈਂਪ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ 13 ਅਪ੍ਰੈਲ ਨੂੰ ਸਵੇਰੇ ਸੰਗਤਾਂ ਵੱਲੋਂ ਰਖਵਾਏ ਗਏ 20 ਅਖੰਡ ਪਾਠਾਂ ਦੇ ਭੋਗ ਪਾਏ ਜਾਣਗੇ ਉਪਰੰਤ ਦਿਵਾਨ ਸਜਾਏ ਜਾਣਗੇ ਜਿਸ ਵਿਚ ਪ੍ਰਸਿੱਧ ਰਾਗੀ, ਢਾਡੀ ਅਤੇ ਕਥਾ ਵਾਚਕ ਆਪਣੀ ਹਾਜਰੀ ਭਰਨਗੇ। ਇਸ ਤੋਂ ਬਾਅਦ ਬਲਦਾਂ ਦੀਆਂ ਦੋੜਾਂ ਕਰਵਾਈਆਂ ਜਾਣਗੀਆਂ। 14 ਅਪ੍ਰੈਲ ਨੂੰ ਸਵੇਰੇ ਦਿਵਾਨ ਸਜਾਏ ਜਾਣਗੇ ਅਤੇ ਸ਼ਾਮ ਨੂੰ ਇੰਟਰਨੈਸ਼ਨਲ ਕਬੱਡੀ ਟੀਮਾਂ ਦਰਮਿਆਨ ਕਬੱਡੀ ਦੇ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਸਮੂਹ ਸੰਗਤਾਂ ਨੂੰ ਮੇਲੇ ਦੀਆਂ ਰੌਣਕਾਂ ਨੂੰ ਵਧਾਉਣ ਦੀ ਅਪੀਲ ਕੀਤੀ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਨਿਰਮਲ ਸਿੰਘ,ਦਵਿੰਦਰ ਸਿੰਘ ਲਾਲੀ ਢਾਲਾ,ਸਰਪੰਚ ਕੇਹਰ ਸਿੰਘ,ਮਨਜਿੰਦਰ ਸਿੰਘ ਮੰਨਾ, ਰਾਣਾ ਆਧੀ,ਸਰਪੰਚ ਸਰਮੁੱਖ ਸਿੰਘ ਹਵੇਲੀਆਂ,ਰਣਯੋਧ ਸਿੰਘ ਯੋਧਾ ਹਵੇਲੀਆਂ, ਪ੍ਰਤਾਪ ਸਿੰਘ, ਵਿਰਸਾ ਸਿੰਘ, ਸੁਖਦੇਵ ਸਿੰਘ, ਜਰਨੈਲ ਸਿੰਘ,ਗੁਭਾਗ ਸਿੰਘ ਸੋਹਲ,ਸਲਿੰਦਰ ਸਿੰਘ ਸ਼ੈਲੀ ਸੋਹਲ,ਸੋਨੂੰ ਲਵਲੀ ਝਬਾਲ,ਸਾਬਕਾ ਸਰਪੰਚ ਗੁਰਭੇਜ ਸਿੰਘ ਚੀਮਾ,ਸੁਖਜੀਤ ਸਿੰਘ ਬਾਵਾ,ਦਵਿੰਦਰ ਸਿੰਘ, ਹਰਭਜਨ ਸਿੰਘ,ਅਰਸ਼ਦੀਪ ਸਿੰਘ,ਗੁਰਜੰਟ ਸਿੰਘ ,ਹਰਮਨ ਸਿੰਘ ਹੰਮਾ ਨੋਸਹਿਰਾ, ,ਗੁਰਭਾਗ ਸਿੰਘ ਭਾਗਾ ਨੋਸਹਿਰਾ, ਗੋਪੀ ਬਾਵਾ, ਸੁਚੇਤ ਬਾਵਾ, ਸੁਖਜੀਤ ਸਿੰਘ, ਕੁਲਵੰਤ ਸਿੰਘ ਆੜਤੀ, ਸੋਨੂੰ ਬਾਵਾ, ਅਰਸ਼ ਢਾਲਾ, ਮੋਹਕਮ ਸਿੰਘ ਚੀਮਾ,ਆਦਿ ਹਾਜ਼ਰ ਸਨ।

### ਉਜਾਸ ਅਕਸਪ੍ਰੈਸ ਵੈਨ ਪਹੁੰਚੀ ਸੰਗਰੂਰ, ਪੰਜਾਬ ਵਿੱਚ ਮਾਹਵਾਰੀ ਸਬੰਧੀ ਸਿਹਤ ਜਾਗਰੂਕਤਾ ਪ੍ਰੋਗਰਾਮ ਦੀ ਹੋਈ ਸ਼ੁਰੂਆਤ




ਸੰਗਰੂਰ 29 ਮਾਰਚ ( ਨਰੇਸ਼ ਬਾਗੀਆਂ)- ਅਭਿਆਨ ਫਾਊਂਡੇਸ਼ਨ, ਆਦਿੱਤਿਆ ਬਿਰਲਾ ਐਜੂਕੇਸ਼ਨ ਟਰੱਸਟ ਦੇ ਨਾਲ ਸਾਂਝੇਦਾਰੀ ਵਿੱਚ ਪੰਜਾਬ ਵਿੱਚ ਮਾਹਵਾਰੀ ਸਬੰਧੀ ਸਿਹਤ ਜਾਗਰੂਕਤਾ ਪ੍ਰੋਗਰਾਮ 'ਉਜਾਸ' ਨੂੰ ਅਧਿਕਾਰਤ ਤੌਰ 'ਤੇ ਲਾਂਚ ਕੀਤਾ ਗਿਆ। ਪੰਜਾਬ ਦੇ 6 ਜ਼ਿਲ੍ਹਿਆਂ 'ਚ ਲੋਕਾਂ ਨੂੰ ਮਾਹਵਾਰੀ ਸਬੰਧੀ ਸਿਹਤ ਜਾਗਰੂਕਤਾ ਅਤੇ ਸਿੱਖਿਆ ਪ੍ਰਦਾਨ ਕਰਨ ਲਈ ਅਭਿਆਨ ਫਾਊਂਡੇਸ਼ਨ ਅਤੇ ਆਦਿੱਤਿਆ ਬਿਰਲਾ ਐਜੂਕੇਸ਼ਨ ਟਰੱਸਟ ਦੇ ਵਿਚਕਾਰ ਇੱਕ ਸਮਝੌਤਾ ਪੱਤਰ ਰਾਹੀ ਉਜਾਸ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਪਹਿਲ ਦਾ ਉਦੇਸ਼ ਔਰਤਾਂ ਅਤੇ ਪਿੰਡਾਂ ਦੇ ਲੋਕਾਂ ਵਿੱਚ ਮਾਹਵਾਰੀ, ਔਰਤਾਂ ਦੀ ਸਿਹਤ ਅਤੇ ਸਫਾਈ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਇਹ ਪਹਿਲਕਦਮੀ ਸੂਬੇ ਦੇ 6 ਜ਼ਿਲ੍ਹਆਂ ਵਿੱਚ ਹੋਵੇਗੀ ਅਤੇ ਇਨ੍ਹਾਂ ਜ਼ਿਲ੍ਹਆਂ ਵਿੱਚ 60 ਪਿੰਡਾਂ ਨੂੰ ਕਵਰ ਕੀਤਾ ਜਾਵੇਗਾ। ਸਹਿਯੋਗੀ ਯਤਨਾਂ ਤਹਿਤ ਅਭਿਆਨ ਫਾਊਂਡੇਸ਼ਨ ਅਤੇ ਆਦਿੱਤਿਆ ਬਿਰਲਾ ਐਜੂਕੇਸ਼ਨ ਟਰੱਸਟ ਨੇ ਸੰਗਰੂਰ ਜ਼ਿਲ੍ਹੇ ਦੇ ਪਿੰਡ ਕਾਂਝਲਾ ਅਤੇ ਬਰਨਾਲਾ ਜ਼ਿਲ੍ਹੇ ਦੇ ਪਿੰਡ ਖੁੱਡੀ ਕਲਾਂ ਵਿਖੇ ਸੈਸ਼ਨ ਆਯੋਜਿਤ ਕੀਤੇ ਹਨ ਅਤੇ ਆਦਿੱਤਿਆ ਬਿਰਲਾ ਐਜੂਕੇਸ਼ਨ ਟਰੱਸਟ ਵੱਲੋਂ ਉਜਾਸ ਐਕਸਪ੍ਰੈਸ ਵੈਨ ਦੁਆਰਾ ਵੱਖ-ਵੱਖ ਸੈਸ਼ਨਾਂ ਅਤੇ ਜਾਗਰੂਕਤਾ ਮੁਹਿੰਮਾਂ ਦਾ ਆਯੋਜਨ ਕੀਤਾ ਗਿਆ ਹੈ। ਅਭਿਆਨ ਫਾਊਂਡੇਸ਼ਨ ਨੇ ਔਰਤਾਂ ਲਈ ਸਪੈਸ਼ਲ ਥਿਏਟਰ ਦੀ ਟੀਮ ਵੱਲੋਂ ਨੁੱਕੜ ਨਾਟਕ ਕਰਵਾਕੇ ਔਰਤਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਔਰਤਾਂ ਨੂੰ ਸੈਨੇਟਰੀ ਪੈਡ ਵੰਡੇ ਗਏ ਤੇ ਸੈਸ਼ਨ ਵੀ ਕਰਵਾਏ ਗਏ। ਅਭਿਆਨ ਫਾਊਂਡੇਸ਼ਨ ਦੀ ਟ੍ਰੇਨਰ ਰਮਨਦੀਪ ਕੌਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਔਰਤਾਂ ਸਮਾਜ ਦੀ ਨੀਂਹ ਹਨ, ਉਨ੍ਹਾਂ ਦੇ ਨਾ ਹੋਣ ਨਾਲ ਸਾਡਾ ਪੂਰਾ ਸਮਾਜ ਟੁੱਟ ਜਾਵੇਗਾ। ਇਸ ਲਈ ਔਰਤਾਂ ਨੂੰ ਮਹਾਵਾਰੀ ਵਰਗੇ ਮੁੱਦੇ ਅਤੇ ਇਸ ਦੇ ਉਨ੍ਹਾਂ ਦੀ ਸਿਹਤ 'ਤੇ ਪੈਂਦੇ ਪ੍ਰਭਾਵ ਤੇ ਇਸ ਸਮੇਂ ਸਫ਼ਾਈ ਦੀ ਮਹੱਤਤਾ ਬਾਰੇ ਉਨ੍ਹਾਂ ਨੂੰ ਸਿੱਖਿਅਤ ਕਰਕੇ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ। ਆਦਿੱਤਿਆ ਬਿਰਲਾ ਐਜੂਕੇਸ਼ਨ ਟਰੱਸਟ ਵੱਲੋਂ ਉਜਾਸ ਪ੍ਰੋਗਰਾਮ ਦੇਸ਼ ਦੇ 25 ਰਾਜਾਂ ਵਿੱਚ ਆਪਣਾ ਸੰਦੇਸ਼ ਫੈਲਾਉਣ ਤੋਂ ਬਾਅਦ ਪੰਜਾਬ ਰਾਜ ਵਿੱਚ ਪਹੁੰਚਿਆ ਹੈ। ਫਾਊਂਡੇਸ਼ਨ ਨੇ ਜ਼ਿਲ੍ਹੇ ਦੇ ਮੁੱਖ ਮੈਡੀਕਲ ਅਫ਼ਸਰ ਅਤੇ ਆਸ਼ਾ ਵਰਕਰਾਂ ਦੇ ਸਹਿਯੋਗ ਨਾਲ ਇਸ ਜਾਗਰੂਕਤਾ ਨੂੰ ਘਰ-ਘਰ ਪਹੁੰਚਾਉਣ ਲਈ ਯਕੀਨੀ ਬਣਾਇਆ। ਅਭਿਆਨ ਫਾਊਡੇਸ਼ਨ ਨੇ ਪਿਛਲੇ 12 ਸਾਲ ਤੋਂ ਸਿਹਤ ਸੰਭਾਲ, ਸਿੱਖਿਆ, ਔਰਤਾਂ ਦੇ ਆਰਥਿਕ ਸਸ਼ਕਤੀਕਰਨ, ਅਤੇ ਖੇਡਾਂ ਲਈ ਕਈ ਪਹਿਲਕਦਮੀਆਂ ਕਰਕੇ ਸਮਾਜ ਦੀ ਸੇਵਾ ਕੀਤੀ ਹੈ ਜੋ ਕਿ ਬਹੁਤ ਹੀ ਸ਼ਲਾਘਾਯੋਗ ਹੈ। ਇਸ ਦੇ ਨਾਲ ਹੀ ਅਭਿਆਨ ਫਾਊਂਡੇਸ਼ਨ ਦੁਆਰਾ ਖ਼ਾਸ ਤੌਰ 'ਤੇ ਸੰਗਰੂਰ ਵਿੱਚ ਇੱਕ ਬਿਰਧ-ਆਰਾਮ ਘਰ ਦਾ ਪ੍ਰਬੰਧਨ ਵੀ ਕੀਤਾ ਹੈ। ਜੋ ਕਿ ਸਮਾਜ ਨੂੰ ਉੱਚਾ ਚੁੱਕਣ ਅਤੇ ਸਮਾਜਕ ਬਿਹਤਰੀ ਲਈ ਵਚਨਬੱਧ ਸੰਸਥਾਵਾਂ ਲਈ ਇੱਕ ਮਿਸਾਲ ਵਜੋਂ ਸੇਵਾ ਕਰ ਰਹੀ ਹੈ।

### ਸਿਮਰਨਜੀਤ ਸਿੰਘ ਮਾਨ ਵੱਲੋਂ ਹਲਕਾ ਧੂਰੀ ਹਲਕੇ ਦਾ ਦੌਰਾ

## ਪਿੰਡ ਈਸੜਾ, ਖੇੜੀ ਜੱਟਾ ਤੇ ਮੀਮਸਾ ਵਿਖੇ ਕੀਤੇ ਸੰਗਤ ਦਰਸ਼ਨ

■ ਇਸ ਸਬੰਧੀ ਜਦੋਂ ਥਾਣਾ ਸਰਾਏ ਅਮਾਨਤ ਖਾਂ ਦੇ ਮੁੱਖੀ ਇੰਸ: ਰਾਜਿੰਦਰ ਕੌਰ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਦੋਵਾਂ ਧਿਰਾਂ ਨੂੰ ਥਾਣੇ ਬੁਲਾ ਕੇ ਪੁੱਛਗਿੱਛ ਕਰਕੇ ਜਿਹੜਾ ਵਿਅਕਤੀ ਦੋਸ਼ੀ ਪਾਇਆ ਗਿਆ ਉਸ ਉਪਰ ਕਾਰਵਾਈ ਕੀਤੀ ਜਾਵੇਗੀ....





ਧੂਰੀ, ਸ਼ੇਰਪੁਰ, 29 ਮਾਰਚ (ਨਰੇਸ਼ ਬਾਗੀਆਂ)- ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸਰਦਾਰ ਸਿਮਰਨਜੀਤ ਸਿੰਘ ਮਾਨ ਨੇ ਅੱਜ ਆਪਣੇ ਹਲਕਾ ਧੂਰੀ ਦੇ ਦੌਰੇ ਦੌਰਾਨ ਪਿੰਡ ਈਸੜਾ, ਖੇੜੀ ਜੱਟਾਂ ਅਤੇ ਮੀਮਸਾ ਵਿਖੇ ਸੰਗਤ ਦਰਸ਼ਨ ਕਰਕੇ ਜਿੱਥੇ ਆਪਣੀ ਪਾਰਟੀ ਦੀ ਸੋਚ, ਨੀਤੀਆਂ ਅਤੇ ਕਰਵਾਏ ਗਏ ਕੰਮਾਂ ਤੋਂ ਜਾਣੂ ਕਰਵਾਉਂਦਿਆਂ ਹਲਕੇ ਦੇ ਲੋਕਾਂ ਨਾਲ ਵਿਚਾਰਾ ਸਾਂਝੀਆਂ ਕੀਤੀਆਂ, ਉੱਥੇ ਹੀ ਪਿੰਡ ਵਾਸੀਆਂ ਵੱਲੋਂ ਵਿਕਾਸ ਕਾਰਜਾਂ ਸਬੰਧੀ ਰੱਖੀਆਂ ਮੰਗਾਂ ਨੂੰ ਆਉਣ ਵਾਲੇ ਸਮੇਂ ਵਿੱਚ ਪਹਿਲ ਦੇ ਆਧਾਰ 'ਤੇ ਪੂਰਾ ਕਰਵਾਉਣ ਦਾ ਭਰੋਸਾ ਵੀ ਦਿੱਤਾ। ਉਪਰੋਕਤ ਪਿੰਡਾਂ ਵਿੱਚ ਹੋਏ ਵੱਡੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਸ. ਮਾਨ ਨੇ ਕਿਹਾ ਕਿ ਬੇਸ਼ੱਕ ਉਹਨਾਂ ਨੂੰ ਹਲਕੇ ਦੀ ਸੇਵਾ ਕਰਨ ਦਾ ਬਹੁਤ ਘੱਟ ਸਮਾਂ ਮਿਲਿਆ ਸੀ ਪਰ ਉਹਨਾਂ ਵੱਲੋਂ ਹਲਕੇ ਦੇ ਵਿਕਾਸ ਅਤੇ ਹਲਕੇ ਦੇ ਲੋਕਾਂ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਉਹਨਾਂ ਦੱਸਿਆ ਕਿ ਪਿਛਲੇ ਡੇਢ ਸਾਲਾਂ ਦੌਰਾਨ ਜਿੱਥੇ ਹਲਕੇ ਦੇ ਸੈਂਕੜੇ ਆਪਾਹਿਜਾਂ ਨੂੰ ਨਕਲੀ ਅੰਗ, ਮੋਟਰਾਈਜਡ ਟਰਾਈ ਸਾਈਕਲਾਂ ਅਤੇ ਹੋਰ ਉਪਕਰਨ ਵੰਡੇ ਗਏ ਹਨ, ਉੱਥੇ ਹੀ ਹਲਕੇ ਦੇ ਵੱਡੀ ਗਿਣਤੀ ਕੈਂਸਰ ਪੀੜਤਾਂ ਦੇ ਇਲਾਜ ਲਈ ਆਰਥਿਕ ਸਹਾਇਤਾ ਦਵਾਈ ਗਈ ਹੈ। ਉਹਨਾਂ ਦੱਸਿਆ ਕਿ ਕਰੀਬ ਹਲਕੇ ਦੀਆਂ 100 ਤੋਂ ਵੱਧ ਸੜਕਾਂ ਦਾ ਨਿਰਮਾਣ ਦਾ ਪ੍ਰੋਜੈਕਟ ਵੀ ਕੇਂਦਰ ਸਰਕਾਰ ਤੋਂ ਪਾਸ ਕਰਵਾਇਆ ਗਿਆ ਹੈ। ਹਲਕੇ ਦੇ ਨੌਜਵਾਨਾਂ ਲਈ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਲਈ ਕੇਂਦਰ ਤੋਂ ਹਲਕੇ ਵਿੱਚ ਇੱਕ ਰੇਲਵੇ ਇੰਜੀਨੀਅਰਿੰਗ ਯੂਨੀਵਰਸਿਟੀ ਸਥਾਪਿਤ ਕਰਨ ਦੀ ਮੰਗ ਕੀਤੀ ਗਈ ਹੈ। ਹਲਕੇ ਅਧੀਨ ਆਉਂਦੇ ਸੰਗਰੂਰ, ਬਰਨਾਲਾ ਅਤੇ ਮਲੇਰਕੋਟਲਾ ਜਿਲਿਆਂ ਦੇ ਮੁਕੰਮਲ ਨਵੀਨੀਕਰਨ ਲਈ ਕਰੋੜਾਂ ਰੁਪਏ ਦਾ ਪ੍ਰੋਜੈਕਟ ਪਾਸ ਕਰਵਾਇਆ ਗਿਆ ਹੈ। ਉਹਨਾਂ ਦੱਸਿਆ ਕਿ ਐਮ.ਪੀ. ਕੋਟੇ ਅਧੀਨ ਮਿਲੀ ਸਾਰੀ ਗ੍ਰਾਂਟ ਨੂੰ ਬਿਨਾਂ ਪੱਖਪਾਤ ਤੋਂ ਹਲਕੇ ਦੇ ਸਾਰੇ ਵਰਗਾਂ ਵਿੱਚ ਬਰਾਬਰ ਵੰਡਿਆ ਗਿਆ। ਸ. ਮਾਨ ਨੇ ਕਿਹਾ ਕਿ ਸਾਡੀ ਪਾਰਟੀ ਦੀ ਸੋਚ ਪੰਜਾਬ ਦੇ ਲੋਕਾਂ ਦੀ ਤਰੱਕੀ, ਖੁਸ਼ਹਾਲੀ ਅਤੇ ਸਾਰਿਆਂ ਲਈ ਬਰਾਬਰਤਾ ਦੇ ਅਧਿਕਾਰ ਵਾਲੇ ਰਾਜ ਦੀ ਸਥਾਪਨਾ ਕਰਨਾ ਹੈ, ਜਿਸ ਦੇ ਲਈ ਤੁਹਾਡੇ ਸਾਰਿਆਂ ਦੇ ਸਹਿਯੋਗ ਦੀ ਲੋੜ ਹੈ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਹਰਬੰਸ ਸਿੰਘ ਸਲੇਮਪੁਰ, ਵਾਸਵੀਰ ਸਿੰਘ ਭੁੱਲਰ, ਨਰਿੰਦਰ ਸਿੰਘ ਕਾਲਾਬੂਲਾ, ਅਮਰੀਕ ਸਿੰਘ ਕਿੱਲਾ ਹਕੀਮਾਂ, ਸਾਧੂ ਸਿੰਘ ਪੇਧਨੀ, ਗੁਰਮੀਤ ਸਿੰਘ ਮੀਰਹੇੜੀ, ਹਰਮਿੰਦਰ ਸਿੰਘ ਲਾਲੀ ਬਾਬਾ, ਉਪਿੰਦਰਪ੍ਰਤਾਪ ਸਿੰਘ ਪਾਰਲੀਮੈਂਟਰੀ ਸੈਕਟਰੀ, ਹਰਪਾਲ ਸਿੰਘ ਧੂਰੀ ਸਮੇਤ ਹੋਰ ਆਗੂਆਂ ਤੋਂ ਇਲਾਵਾ ਯੂਨੀਅਤ ਦੇ ਅਹੁਦੇਦਾਰਾਂ ਅਤੇ ਮੈਂਬਰ ਹਾਜਰ ਸਨ।

### ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ

## ਪੱਕੇ ਤੌਰ ਉੱਤੇ ਕੀਤਾ ਥਾਣਾ ਭਵਾਨੀਗੜ੍ਹ ਦਾ ਘਿਰਾਓ



ਸੰਗਰੂਰ, 29 ਮਾਰਚ ( ਨਰੇਸ਼ ਬਾਗੀਆਂ)- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮੀਟਿੰਗ ਬਲਾਕ ਪ੍ਰਧਾਨ ਰਣਜੀਤ ਸਿੰਘ ਲੌਂਗੋਵਾਲ ਦੀ ਅਗਵਾਈ ਵਿੱਚ ਮੱਸਤੁਆਣਾ ਸਾਹਿਬ ਗੁਰੂ ਘਰ ਵਿੱਚ ਕੀਤੀ ਗਈ ਜਿਸ ਵਿੱਚ ਪਿੰਡ ਜੌਲੀਆਂ ਅਵਤਾਰ ਸਿੰਘ ਜਮੀਨ ਦਾ ਭੌਂ ਮਾਫੀਆ ਬਲਜਿੰਦਰ ਸਿੰਘ ਧੋਖਾਧੜੀ ਨਾਲ ਅਵਤਾਰ ਸਿੰਘ ਦੀ ਜਮੀਨ ਨੂੰ ਹੜੱਪ ਕਰ ਰਿਹਾ ਸੀ ਉਸ ਦੇ ਸਬੰਧ ਵਿੱਚ ਅਵਤਾਰ ਸਿੰਘ ਨੂੰ ਧਮਕੀਆਂ ਦਿੰਦਾ ਸੀ ਅਵਤਾਰ ਸਿੰਘ ਦੀ ਮੌਤ ਹੋ ਗਈ ਜਿਸ ਦੇ ਸਬੰਧ ਵਿੱਚ ਅਵਤਾਰ ਸਿੰਘ ਦੇ ਬੇਟੇ ਦੇ ਬਿਆਨਾਂ ਦੇ ਆਧਾਰ ਤੇ ਪਰਚਾ ਹੋਇਆ ਹੈ ਪਰਚਾ ਹੋਣ ਦੇ ਬਾਵਜੂਦ ਪੁਲਿਸ ਬਲਜਿੰਦਰ ਸਿੰਘ ਦੀ ਗਿਫਤਾਰੀ ਤੋਂ ਟਾਲਾ ਵੱਟ ਰਹੀ ਹੈ ਇਸ ਲਈ ਥਾਣੇ ਭਵਾਨੀਗੜ ਦਾ ਪੱਕਾ ਘਿਰਾਓ ਕੀਤਾ ਹੋਇਆ ਹੈ ਇਸ ਦੇ ਨਾਲ ਜਹਾਂਗੀਰ ਦੀ ਜਮੀਨ ਦਾ ਮਸਲਾ ਭੈਣ ਕਿਰਨਜੀਤ ਕੌਰ ਦੀ ਜਮੀਨ ਨੂੰ ਗੁਰਚਰਨ ਸਿੰਘ ਠੇਕੇਦਾਰ ਨਜਾਇਜ਼ ਤੌਰ ਤੇ ਹੜੱਪਣਾ ਚਾਹੁੰਦਾ ਹੈ ਜਿਸ ਦਾ ਪੁਲਿਸ ਪ੍ਰਸ਼ਾਸਨ ਤੇ ਸਿਵਲ ਪ੍ਰਸ਼ਾਸਨ ਸਾਥ ਦੇ ਰਿਹਾ ਹੈ ਉਸ ਦੇ ਵਿਰੋਧ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਉਸ ਦਾ ਵਿਰੋਧ ਕੀਤਾ ਜਾ ਰਿਹਾ ਹੈ ਜਿਸ ਮੀਟਿੰਗ ਦੇ ਵਿੱਚ ਫੈਸਲਾ ਕੀਤਾ ਗਿਆ ਹੈ ਪੱਕੇ ਤੌਰ ਤੇ ਸਾਰੇ ਪਿੰਡ ਟਰੈਕਟਰ ਟਰਾਲੀਆਂ ਲੈ ਕੇ ਪੱਕਾ ਮੋਰਚਾ ਦੇ ਵਿੱਚ ਹਾਜ਼ਰੀ ਲਵਾਉਣਗੇ ਦਿਨ ਰਾਤ ਦੀ ਮੀਟਿੰਗ ਦੇ ਵਿੱਚ ਬਲਾਕ ਆਗੂ ਸਾਰੇ ਹਾਜ਼ਰ ਹੋਏ ਜਰਨਲ ਸਕੱਤਰ ਜਗਤਾਰ ਸਿੰਘ ਲੱਡੀ ਖਜਾਨਚੀ ਕਰਮਜੀਤ ਮੰਗਵਾਲ ਬੂਟਾ ਲੌਂਗੋਵਾਲ ਕਰਮਜੀਤ ਸੰਗਰੂਰ ਚਮਕੌਰ ਲੱਡੀ ਪ੍ਰਿਤਪਾਲ ਚੱਠੇ ਸੁਖਦੇਵ ਸਿੰਘ ਛੰਨਾ ਹਾਕਮ ਸਿੰਘ ਖੇੜੀ ਤੇ ਹੋਰ ਪਿੰਡਾਂ ਦੇ ਵਿੱਚੋਂ ਬਾਕੀ ਅਹੁਦੇਦਾਰ ਪ੍ਰਧਾਨ ਸਕੱਤਰ ਹਾਜ਼ਰ ਹੋਏ ।

### ਸਥਾਪਨਾ ਦਿਵਸ ਦੇ ਦੋ ਰੋਜਾ ਸਮਾਗਮ ਅੱਜ ਤੋਂ ਸ਼ੁਰੂ, ਖ਼ੂਨ ਦਾਨ ਅਤੇ ਅੱਖਾਂ ਦੇ ਕੈਂਪ ਲੱਗਣਗੇ

## ਪਿੰਗਲਵਾੜਾ ਦੇ ਵੇਹੜੇ ਵਿੱਚ ਸੱਜਿਆਂ ਪੇਂਡੂ ਵਿਰਾਸਤ ਦੀਆਂ ਖ਼ੂਬਸੂਰਤ ਝਲਕੀਆਂ



ਸੰਗਰੂਰ 29 ਮਾਰਚ ( ਨਰੇਸ਼ ਬਾਗੀਆਂ)- ਸਥਾਨਿਕ ਧੂਰੀ ਰੋਡ ਸਥਿਤ ਪਿੰਗਲਵਾੜਾ ਸ਼ਾਖਾ ਸੰਗਰੂਰ ਦੇ ਦੋ ਰੋਜਾ ਸਥਾਪਨਾ ਦਿਵਸ ਦੀ ਸ਼ੁਰੂਆਤ ਅੱਜ ਤੋਂ ਹੋ ਰਹੀ ਹੈ। ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਡਾ ਇੰਦਰਜੀਤ ਕੌਰ, ਸ਼ਾਖਾ ਪ੍ਰਬੰਧਕ ਤਰਲੋਚਨ ਸਿੰਘ ਚੀਮਾ ਅਤੇ ਹਰਜੀਤ ਸਿੰਘ ਅਰੋੜਾ ਵਧੀਆ ਪ੍ਰਬੰਧਕ ਦੀ ਦੇਖ ਰੇਖ ਹੇਠ ਸਥਾਪਨਾ ਦਿਵਸ ਸਬੰਧੀ ਅੱਜ ਸਾਡਾ ਵਿਰਸਾ ਤੇ ਆਧਾਰਿਤ ਪਿੰਗਲਵਾੜਾ ਸ਼ਾਖਾ ਵਿਖੇ ਇੱਕ ਪਿੰਡ ਵਸਾਇਆ ਜਾ ਰਿਹਾ ਹੈ ਜਿਸ ਵਿੱਚ ਸੱਥ,ਖੂਹ,ਰਸੋਈ,ਛੰਨ,ਗੁਹਾਰਾ,ਕੁੱਪ,ਹੱਲ,ਪੰਜਾਲੀ ਅਤੇ ਹੋਰ ਅਨੇਕ ਪੇਂਡੂ ਵਿਰਾਸਤ ਦੇ ਖੂਬਸੂਰਤ ਦਿਸ਼ ਪੇਸ਼ ਕੀਤੇ ਜਾ ਰਹੇ ਹਨ। ਪਿੰਗਲਵਾੜਾ ਸ਼ਾਖਾ ਮਾਨਾਂਵਾਲਾ ਦੇ ਬੱਚਿਆਂ ਅਤੇ ਸੰਗਰੂਰ ਦੇ ਮਰੀਜ਼ਾਂ ਵੱਲੋਂ ਪੰਜਾਬੀ ਸਭਿਆਚਾਰ ਪੇਸ਼ ਕੀਤਾ ਜਾਵੇਗਾ ਸੁਰਿੰਦਰ ਪਾਲ ਸਿੰਘ ਸਿਦਕੀ ਪ੍ਰੈਸ ਇੰਚਾਰਜ ਨੇ ਦੱਸਿਆ ਕਿ ਇਸ ਮੌਕੇ ਤੇ ਕੁਵੰਰ ਵਿਜੈ ਪ੍ਰਤਾਪ ਸਿੰਘ, ਨਵਜੋਤ ਸਿੰਘ ਮੰਡੇਰ, ਪੰਮੀ ਬਾਈ, ਡਾ ਸੁਖਮਿੰਦਰ ਕੌਰ (ਸੁੱਖੀ ਬਰਾੜ), ਪਵਨ ਸ਼ਰਮਾ, ਗੁਰਨਾਇਬ ਸਿੰਘ ਪਟਿਆਲਾ, ਹਰਦਿਆਲ ਸਿੰਘ ਤੂਹੀ, ਸਰਵਨ ਸਿੰਘ ਟਹਿਣਾ, ਹਰਮਨ ਥਿੰਦ ਆਦਿ ਕਲਾਕਾਰ ਅਤੇ ਸ਼ਖ਼ਸੀਅਤਾਂ ਵਿਸ਼ੇਸ਼ ਤੌਰ ਤੇ ਪਹੁੰਚ ਰਹੀਆਂ ਹਨ ਭਗਤ ਪੂਰਨ ਸਿੰਘ ਜੀ ਦੀ ਮਾਨਵਤਾ ਭਲਾਈ ਦੀ ਸੋਚ ਨੂੰ ਸਮਰਪਿਤ ਵਿਸ਼ਾਲ ਖ਼ੂਨਦਾਨ ਕੈਂਪ ਅਤੇ ਰਣਜੀਤ ਅੱਖਾਂ ਦੇ ਹਸਪਤਾਲ ਵੱਲੋਂ ਡਾ ਇੰਦਰਜੋਤ ਕੌਰ ਦੀ ਅਗਵਾਈ ਵਿੱਚ ਅੱਖਾਂ ਦਾ ਕੈਂਪ ਵੀ ਲਗਾਇਆ ਜਾ ਰਿਹਾ ਹੈ। ਤਰਲੋਚਨ ਸਿੰਘ ਚੀਮਾ ਨੇ ਡਾ ਭਗਵੰਤ ਸਿੰਘ, ਤੇਜਾ ਸਿੰਘ ਮਾਨ ਨਾਲ ਦੱਸਿਆ ਕਿ ਭਲਕੇ 31 ਮਾਰਚ ਨੂੰ ਸਵੇਰੇ 7.30 ਵਜੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਪਿੰਗਲਵਾੜਾ ਸੰਸਥਾ ਦੇ ਕੀਰਤਨੀਏ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ ਅਤੇ ਪ੍ਰਮੁੱਖ ਸਖਸ਼ੀਅਤਾਂ ਭਗਤ ਪੂਰਨ ਸਿੰਘ ਜੀ ਦੇ ਜੀਵਨ ਤੇ ਵਿਚਾਰ ਕਰਨਗੇ। ਪਿੰਗਲਵਾੜਾ ਦੀਆਂ ਨਵ ਪ੍ਰਕਾਸ਼ਿਤ ਪੁਸਤਕਾਂ ਦੀ ਘੁੰਡ ਚੁਕਾਈ ਵੀ ਹੋਵੇਗੀ। ਮੇਜਰ ਸਿੰਘ ਮਸਾਣੀ ਸਰਪੰਚ , ਮਾਸਟਰ ਸਤਪਾਲ ਸ਼ਰਮਾ ਅਤੇ ਨੇ ਦੱਸਿਆ ਕਿ ਸੰਗਤਾਂ ਵਾਸਤੇ ਮਠਿਆਈਆਂ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਕੈਪਟਨ ਨਰਿੰਦਰ ਸਿੰਘ ਭੱਠਲ, ਪ੍ਰੋ ਸੰਤੋਖ ਕੌਰ, ਰਵਨੀਤ ਕੌਰ ਪਿੰਕੀ, ਡਾਕਟਰ ਉਪਾਸਨਾ, ਰਾਣੀ ਬਾਲਾ, ਰਾਜਵਿੰਦਰ ਸਿੰਘ ਲੱਕੀ, ਦਲਵਿੰਦਰ ਸਿੰਘ ਪਬਲਿਸੀਟੀ ਵਿਭਾਗ, ਨਿਸ਼ਾਨ ਸਿੰਘ, ਰਾਜਵਿੰਦਰ ਸਿੰਘ , ਯੁਗੇਸ਼ ਸੂਰੀ, ਨਰਿੰਦਰ ਸਿੰਘ ਸੋਹਲ, ਗੁਰਪ੍ਰੀਤ ਕੌਰ ਮੁੱਖ ਦਫਤਰ ਦੀ ਟੀਮ ਵੱਲੋਂ ਵੱਖ ਵੱਖ ਪ੍ਰਬੰਧਾਂ ਨੂੰ ਅੰਤਿਮ ਛੋਹ ਦਿੱਤੀ ਜਾ ਰਹੀ ਹੈ।

# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਸ਼ਨਿੱਚਰਵਾਰ, 30 ਮਾਰਚ 2024








### ਦਿੱਲੀ ਕਮੇਟੀ ਨੇ ਹਰਿਆਣਾ ਕਮੇਟੀ ਦੀ ਨਵੀਂ ਟੀਮ ਸਰਬਸੰਮਤੀ ਨਾਲ ਚੁਣਨ 'ਤੇ ਦਿੱਤੀਆਂ ਵਧਾਈਆਂ

# ਆਸ ਕਰਦੇ ਹਾਂ ਕਿ ਹਰਿਆਣਾ 'ਚ ਹੁਣ ਗੁਰਦੁਆਰਿਆਂ ਦੀ ਸਾਂਭ ਸੰਭਾਲ ਤੇ ਧਰਮ ਪ੍ਰਚਾਰ ਦਾ ਕੰਮ ਸੁੱਚਜੇ ਢੰਗ ਨਾਲ ਚੱਲੇਗਾ: ਕਾਲਕਾ, ਕਾਹਲੋਂ



ਨਵੀਂ ਦਿੱਲੀ, 29 ਮਾਰਚ (ਸੁਖਰਾਜ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਹਰਿਆਣਾ ਵਿਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟੀਮ ਸਰਬਸੰਮਤੀ ਨਾਲ ਜੁਣੇ ਜਾਣ 'ਤੇ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ ਹੈ ਤੇ ਆਸ ਪ੍ਰਗਟਾਈ ਹੈ ਕਿ ਹੁਣ ਕਮੇਟੀ ਦੀ ਨਵੀਂ ਟੀਮ ਅਧੀਨ ਸੂਬੇ ਵਿਚ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਅਤੇ ਧਰਮ ਪ੍ਰਚਾਰ ਦਾ ਕੰਮ ਸੁਚੱਜੇ ਢੰਗ ਨਾਲ ਚੱਲ ਸਕਣਗੇ। ਦੋਵਾਂ ਆਗੂਆਂ ਨੇ ਅੱਜ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਬੀਤੇ ਕੱਲ੍ਹ ਹਰਿਆਣਾ ਕਮੇਟੀ ਦੀ ਟੀਮ ਦੀ ਚੋਣ ਹੋਈ ਜਿਸ ਵਿਚ 35 ਵਿਚੋਂ 30 ਮੈਂਬਰਾਂ ਨੇ ਪੂਰਨ ਬਹੁਮਤ ਨਾਲ ਨਵੀਂ ਟੀਮ ਚੁਣੀ ਜਿਸ ਵਿਚ ਸਰਦਾਰ ਭੁਪਿੰਦਰ ਸਿੰਘ ਅਸੰਧ ਨੂੰ ਸਰਬਸੰਮਤੀ ਨਾਲ ਪ੍ਰਧਾਨ, ਸਰਦਾਰ ਸੁਦਰਸ਼ਨ ਸਿੰਘ ਸੀਨੀਅਰ ਮੀਤ ਪ੍ਰਧਾਨ, ਬੀਬੀ ਰਵਿੰਦਰ ਕੌਰ ਅਜਰਾਣਾ ਨੂੰ ਮੀਤ ਪ੍ਰਧਾਨ, ਸਰਦਾਰ ਸੁਖਵਿੰਦਰ ਸਿੰਘ ਜਨਰਲ ਸਕੱਤਰ ਅਤੇ ਸਰਦਾਰ ਗੁਲਾਬ ਸਿੰਘ ਜੁਆਇੰਟ ਸਕੱਤਰ ਚੁਣਿਆ ਗਿਆ ਤੇ ਸੰਤ ਬਾਬਾ ਬਲਜੀਤ ਸਿੰਘ ਦਾਦੂਵਾਲ ਧਰਮ ਪ੍ਰਚਾਰ ਕਮੇਟੀ ਦਾ ਮੁਖੀ ਚੁਣਿਆ ਗਿਆ। ਉਹਨਾਂ ਕਿਹਾ ਕਿ ਇਹ ਚੋਣ ਪੂਰਨ ਪਾਰਦਰਸ਼ੀ ਢੰਗ ਨਾਲ ਤੇ ਸਰਬਸੰਮਤੀ ਨਾਲ ਹੋਈ ਜਿਸਨੇ ਉਹਨਾਂ ਲੋਕਾਂ ਦੇ ਵੀ ਮੂੰਹ ਬੰਦ ਕਰਵਾ ਦਿੱਤੇ ਜੋ ਕਮੇਟੀ ਨੂੰ ਮਾਣਯੋਗ ਸੁਪਰੀਮ ਕੋਰਟ ਤੋਂ ਮਾਨਤਾ ਮਿਲਣ ਦੇ ਬਾਵਜੂਦ ਇਸ ਕਮੇਟੀ ਨੂੰ ਸਰਕਾਰਾਂ ਦੀ ਕਮੇਟੀ ਦੱਸ ਕੇ ਇਸਦੇ ਖਿਲਾਫ ਦੁਸ਼ਪ੍ਰਚਾਰ ਕਰਦੇ ਸਨ। ਉਹਨਾਂ ਕਿਹਾ ਕਿ ਹੁਣ ਨਵੀਂ ਟੀਮ ਅਧੀਨ ਪ੍ਰਸ਼ਾਸਕੀ ਤੇ ਧਰਮ ਪ੍ਰਚਾਰ ਵਾਸਤੇ ਸਹੀ ਹੱਥਾਂ ਵਿਚ ਕਮੇਟੀ ਗਈ ਹੈ। ਉਹਨਾਂ ਕਿਹਾ ਕਿ ਜਿਸ ਤਰੀਕੇ ਬੇਬਾਕੀ ਨਾਲ ਤੁਸੀਂ ਫੈਸਲਾ ਲਿਆ, ਇਸ ਸਦਕਾ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਵਧੀਆ ਢੰਗ ਨਾਲ ਚੱਲਣਗੇ ਅਤੇ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਵੀ ਚੰਗੇ ਢੰਗ ਨਾਲ ਹੋ ਸਕੇਗਾ ਤੇ ਇਸ ਨਾਲ ਜਿਹੜੇ ਸਿੱਖ ਨਸ਼ਿਆਂ ਤੇ ਇਸਾਈ ਧਰਮ ਵੱਲ ਜਾ ਰਹੇ ਹਨ, ਉਸ 'ਤੇ ਵੀ ਠੱਲ੍ਹ ਲੱਗੇਗੀ।ਉਹਨਾਂ ਨੇ ਇਕ ਵਾਰ ਫਿਰ ਤੋਂ ਟੀਮ ਨੂੰ ਵਧਾਈ ਦਿੰਦਿਆਂ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਹਰ ਤਰੀਕੇ ਦੇ ਸਹਿਯੋਗ ਦਾ ਭਰੋਸਾ ਦੁਆਇਆ ਤੇ ਆਸ ਪ੍ਰਗਟ ਕੀਤੀ ਕਿ ਦੋਵੇਂ ਕਮੇਟੀਆਂ ਚੰਗੇ ਤਾਲਮੇਲ ਨਾਲ ਸਿੱਖ ਕੌਮ ਦੀ ਹੋਰ ਸੇਵਾ ਕਰ ਸਕਣਗੀਆਂ।

# ਸਿਮਰਨਜੀਤ ਸਿੰਘ ਮਾਨ ਨੇ ਭਗਵੰਤ ਸਿੰਘ ਮਾਨ ਦੇ ਘਰ ਜਨਮੀ ਬੱਚੀ ਦੀ ਦਿੱਤੀ ਮੁਬਾਰਕਬਾਦ



ਨਵੀਂ ਦਿੱਲੀ, 29 ਮਾਰਚ (ਸੁਖਰਾਜ ਸਿੰਘ): ਜਦੋਂ ਵੀ ਕਿਸੇ ਘਰ ਨਵੀਂ ਆਤਮਾ ਜਨਮ ਲਵੇ ਤਾਂ ਉਸ ਪਰਿਵਾਰ ਤੇ ਉਸ ਮਾਂ-ਬਾਪ ਉਪਰ ਉਸ ਅਕਾਲ ਪੁਰਖ ਦੀ ਹੋਈ ਬਖਸ਼ਿਸ਼ ਲਈ ਸੁਕਰਾਨਾ ਵੀ ਹੁੰਦਾ ਹੈ ਅਤੇ ਉਸਦੀ ਖੁਸ਼ੀ ਦੀ ਮੁਬਾਰਕਬਾਦ ਵੀ ਹੁੰਦੀ ਹੈ । ਜਦੋਂ ਹੁਣ ਸਾਡੇ ਪੰਜਾਬ ਸੂਬੇ ਦੇ ਮੁੱਖ ਮੰਤਰੀ ਦੇ ਘਰ ਨਵੀ ਬੱਚੀ ਨੇ ਜਨਮ ਲਿਆ ਹੈ, ਤਾਂ ਅਸੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੇ ਸਮੁੱਚੀ ਸਿੱਖ ਕੌਮ ਵੱਲੋਂ ਆਪਣੇ ਸੂਬੇ ਦੇ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਪਰਿਵਾਰਿਕ ਮੈਬਰਾਂ ਨੂੰ ਜਿਥੇ ਹਾਰਦਿਕ ਮੁਬਾਰਕਬਾਦ ਭੇਜਦੇ ਹੋਏ, ਉਸ ਬੱਚੀ ਦੀ ਸੁਰੂ ਹੋਣ ਜਾ ਰਹੀ ਨਵੀ ਜਿੰਦਗੀ ਦੀ ਚੜ੍ਹਦੀ ਕਲਾਂ ਦੀ ਅਰਦਾਸ ਕਰਦੇ ਹਾਂ, ਉਥੇ ਮੁੱਖ ਮੰਤਰੀ ਪੰਜਾਬ ਨੂੰ ਇਹ ਵੀ ਗੁਜਾਰਿਸ ਕਰਨੀ ਚਾਹਵਾਂਗੇ ਕਿ ਜਦੋ ਇਹ ਬੱਚੀ ਉਨ੍ਹਾਂ ਦੇ ਘਰ ਆਈ ਹੈ ਤਾਂ ਉਸਦੀ ਆਮਦ ਅਤੇ ਉਸਦੇ ਨਾਮ ਉਤੇ ਆਪਣੇ ਜੱਦੀ ਜ਼ਿਲ੍ਹੇ ਸੰਗਰੂਰ ਵਿਚ ਕੁਝ ਅਜਿਹਾ ਉੱਦਮ ਕਰ ਜਾਣ ਜਿਸ ਨਾਲ ਉਸ ਬੱਚੀ ਦੇ ਨਾਲ-ਨਾਲ ਉਨ੍ਹਾਂ ਦਾ ਵੀ ਇਥੇ ਕੁਝ ਨਾਮ ਰਹਿ ਸਕੇ ।ਇਹ ਮੁਬਾਰਕਬਾਦ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸ. ਭਗਵੰਤ ਸਿੰਘ ਮਾਨ ਦੇ ਘਰ ਪੈਦਾ ਹੋਈ ਬੱਚੀ ਦੀ ਖੁਸੀ ਦਾ ਇਜਹਾਰ ਕਰਦੇ ਹੋਏ ਪਰਿਵਾਰ ਨੂੰ ਦਿੱਤੀ । ਉਨ੍ਹਾਂ ਕਿਹਾ ਕਿ ਸੰਗਰੂਰ ਇਲਾਕੇ ਦੇ ਜੋ ਹਸਪਤਾਲ ਹਨ, ਉਥੇ ਨਵੇ ਪੈਦਾ ਹੋਣ ਵਾਲੇ ਬੱਚਿਆਂ ਦੀ ਸਹੂਲਤ ਲਈ ਆਧੁਨਿਕ ਤਕਨੀਕ ਸਹਿਤ ਉਪਕਰਨ ਅਤੇ ਡਾਕਟਰਾਂ ਦੀ ਵੱਡੀ ਕਮੀ ਹੈ ਅਤੇ ਇਸ ਇਲਾਕੇ ਦੇ ਨਿਵਾਸੀਆਂ ਨੂੰ ਮਹਿੰਗੇ ਪ੍ਰਾਈਵੇਟ ਹਸਪਤਾਲਾਂ ਦੀ ਮਜਬੂਰਨ ਮਾਰ ਝੱਲਣੀ ਪੈਂਦੀ ਹੈ । ਜੇਕਰ ਉਹ ਆਪਣੇ ਇਸ ਜੱਦੀ ਇਲਾਕੇ ਦੇ ਹਸਪਤਾਲਾਂ ਵਿਚ ਇਸ ਆਈ ਨਵੀ ਬੱਚੀ ਦੇ ਨਾਮ ਉਤੇ ਨਿਵਾਸੀਆ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਉਪਕਰਨਾਂ, ਦਵਾਈਆ, ਡਾਕਟਰਾਂ ਆਦਿ ਦਾ ਉਚੇਚੇ ਤੌਰ ਤੇ ਪ੍ਰਬੰਧ ਕਰ ਦੇਣ ਤਾਂ ਇਸ ਬੱਚੀ ਦੇ ਨਾਮ ਤੇ ਸਮਾਜ ਨੂੰ ਇਕ ਵੱਡਾ ਤੋਹਫਾ ਪ੍ਰਾਪਤ ਹੋ ਸਕਦਾ ਹੈ ਅਤੇ ਇਥੋ ਦੇ ਨਿਵਾਸੀਆ ਦੀਆਂ ਮੁਸਕਿਲਾਂ ਹੱਲ ਹੋ ਸਕਦੀਆਂ ਹਨ । ਉਨ੍ਹਾਂ ਕਿਹਾ ਕਿ ਸੰਗਰੂਰ ਇਲਾਕਾ ਇਤਿਹਾਸਿਕ ਤੌਰ 'ਤੇ ਵੀ ਵੱਡਾ ਮਹੱਤਵ ਰੱਖਦਾ ਹੈ ਕਿਉਂਕਿ ਬਡਰੁੱਖਾਂ ਜਿਥੇ ਮਹਾਰਾਣੀ ਰਾਜ ਕੌਰ ਦੀ ਕੁੱਖੋ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਜਨਮ ਲਿਆ, ਜਿਨ੍ਹਾਂ ਨੇ ਖਾਲਸਾ ਪੰਥ ਨੂੰ ਬਰਾਬਰਤਾ ਦੇ ਆਧਾਰ ਤੇ, ਨਿਆ ਪਸੰਦ ਖਾਲਸਾ ਰਾਜ ਕਾਇਮ ਕਰਕੇ ਮਨੁੱਖਤਾ ਦੀ ਵੱਡੀ ਸੇਵਾ ਕੀਤੀ ।ਉਸ ਦੀ ਯਾਦਗਰ ਬਡਰੁੱਖਾਂ ਵਿਚ ਅੱਜ ਵੀ ਕਾਇਮ ਹੈ । ਇਥੇ ਇਹ ਵਰਣਨ ਕਰਨਾ ਵੀ ਮੈ ਆਪਣਾ ਫਰਜ ਸਮਝਦਾ ਹਾਂ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਦਾ 1799 ਵਿਚ ਰਾਜ ਭਾਗ ਕਾਇਮ ਹੋਇਆ ਤਾਂ ਮੇਰੇ ਪੜਦਾਦਾ ਸ. ਸਰਜਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਅਤੇ ਉਨ੍ਹਾਂ ਦੇ ਪਿਤਾ ਰਾਜਾ ਮਹਾ ਸਿੰਘ ਦੇ ਨਾਲ ਜੰਗਾਂ ਲੜਦੇ ਹੋਏ ਵੱਡੇ ਇਲਾਕੇ ਫ਼ਤਹਿ ਕੀਤੇ ਸਨ । ਮੈਂ ਉਸ ਸਰਜਾ ਸਿੰਘ ਦੀ ਉਸ ਪੁਸਤ ਵਿਚੋ ਪੰਜਵੀ ਪੀੜ੍ਹੀ ਦਾ ਹਾਂ । ਇਸ ਲਈ ਇਸ ਖੁਸੀ ਦੇ ਮੌਕੇ ਜੇਕਰ ਸ. ਭਗਵੰਤ ਸਿੰਘ ਮਾਨ ਇਸ ਇਤਿਹਾਸਿਕ ਇਲਾਕੇ ਨੂੰ ਸਿਹਤ ਦੀਆਂ ਮੁਸਕਿਲਾਂ ਪੱਖੋ ਗੰਭੀਰਤਾ ਨਾਲ ਲੈਂਦੇ ਹੋਏ ਇਥੋ ਦੇ ਸਮੁੱਚੇ ਸਰਕਾਰੀ ਹਸਪਤਾਲਾਂ ਵਿਚ ਆਪਣੀ ਬੱਚੀ ਦੇ ਨਾਮ ਉਤੇ ਸਭ ਸਹੂਲਤਾਂ ਪ੍ਰਦਾਨ ਕਰਨ ਦਾ ਪ੍ਰਣ ਕਰ ਲੈਣ ਅਤੇ ਇਸਨੂੰ ਅਮਲੀ ਰੂਪ ਦੇ ਸਕਣ ਤਾਂ ਇਹ ਸ. ਭਗਵੰਤ ਸਿੰਘ ਮਾਨ ਅਤੇ ਉਸਦੀ ਬੱਚੀ ਦੀ ਇਕ ਰਹਿੰਦੀ ਦੁਨੀਆ ਤੱਕ ਯਾਦਗਰ ਕਾਇਮ ਹੋ ਸਕੇਗੀ । ਉਨ੍ਹਾਂ ਫਿਰ ਮੁਬਾਰਕਬਾਦ ਦਿੰਦੇ ਹੋਏ ਇਹ ਉਮੀਦ ਪ੍ਰਗਟ ਕੀਤੀ ਕਿ ਉਹ ਉਚੇਚੇ ਤੌਰ ਤੇ ਮੇਰੇ ਵੱਲੋ ਦਿੱਤੇ ਸੁਝਾਵਾਂ ਨੂੰ ਪ੍ਰਵਾਨ ਕਰਦੇ ਹੋਏ ਇਸ ਇਲਾਕੇ ਨੂੰ ਸਿਹਤ ਪੱਖੋ ਆਉਣ ਵਾਲੀਆ ਮੁਸਕਿਲਾਂ ਨੂੰ ਵੱਡੇ ਪੱਧਰ ਤੇ ਹੱਲ ਕਰ ਦੇਣਗੇ ।

## ਇੱਕ ਨਜ਼ਰ



### ਜ਼ਹਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਦਾ ਮਾਮਲਾ

## ਐਮ.ਪੀ. ਸਿਮਰਨਜੀਤ ਮਾਨ ਨੇ ਗੁਜਰਾਂ ਵਿਖੇ ਭੋਗ ਸਮਾਗਮ 'ਚ ਸ਼ਮੂਲੀਅਤ ਕਰਕੇ ਪੀੜਿਤ ਪਰਿਵਾਰਾਂ ਨਾਲ ਕੀਤਾ ਦੁੱਖ ਸਾਂਝਾ

ਸੰਗਰੂਰ, ਦਿੜਬਾ, 29 ਮਾਰਚ (ਨਰੇਸ਼ ਬਾਗੀਆਂ)- ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸ. ਸਿਮਰਨਜੀਤ ਸਿੰਘ ਮਾਨ ਨੇ ਅੱਜ ਜਹਰੀਲੀ ਸ਼ਰਾਬ ਪੀਣ ਕਾਰਨ ਆਪਣੀ ਜਾਨ ਗਵਾਉਣ ਵਾਲੇ ਵਿਅਕਤੀਆਂ ਦੀ ਆਤਮਿਕ ਸ਼ਾਂਤੀ ਲਈ ਪਿੰਡ ਗੁਜਰਾਂ ਦੇ ਗੁਰਦੁਆਰਾ ਸਾਹਿਬ ਵਿਖੇ ਰੱਖੇ ਗਏ ਪਾਠ ਦੇ ਭੋਗ ਅਤੇ ਅੰਤਿਮ ਸਮਾਗਮ ਵਿੱਚ ਸ਼ਮੂਲੀਅਤ ਕਰਕੇ ਪੀੜਿਤ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ। ਭੋਗ ਸਮਾਗਮ ਉਪਰੰਤ ਮੌਕੇ 'ਤੇ ਹਾਜ਼ਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ.ਮਾਨ ਨੇ ਕਿਹਾ ਕਿ ਇਹਨਾਂ ਗਰੀਬ ਪਰਿਵਾਰਾਂ ਦਾ ਦੁੱਖ ਅਸਹਿਣ ਯੋਗ ਹੈ। ਇਸ ਦੁੱਖ ਦੀ ਘੜੀ ਦੇ ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਪੀੜਿਤ ਪਰਿਵਾਰਾਂ ਨਾਲ ਚਟਾਨ ਵਾਂਗ ਖੜੀ ਹੈ। ਉਹਨਾਂ ਕਿਹਾ ਕਿ ਦੁਨੀਆਂ ਤੋਂ ਜਾਣ ਵਾਲਿਆਂ ਨੂੰ ਤਾਂ ਵਾਪਸ ਨਹੀਂ ਬੁਲਾਇਆ ਜਾ ਸਕਦਾ ਪਰ ਪੰਜਾਬ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਦੁਬਾਰਾ ਇਹੋ ਜਿਹੀ ਮੰਦਭਾਗੀ ਘਟਨਾ ਨਾ ਵਾਪਰੇ। ਇਸ ਦੇ ਨਾਲ ਹੀ ਇਹਨਾਂ ਗਰੀਬ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਸੰਵਾਰਨ ਲਈ ਵਿਸ਼ੇਸ਼ ਉਪਰਾਲੇ ਕਰਕੇ ਇਹਨਾਂ ਦੇ ਜਖਮਾਂ 'ਤੇ ਮੱਲਮ ਲਾਉਣ ਦਾ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਉਹਨਾਂ ਦੇ ਨਾਲ ਜਥੇਦਾਰ ਹਰਜੀਤ ਸਿੰਘ ਸੰਜੂਮਾ, ਜੋਗਿੰਦਰ ਸਿੰਘ ਜੇਜੀਆਂ, ਬਿੱਕਰ ਸਿੰਘ ਚੌਹਾਨ, ਪਾਰਲੀਮੈਂਟਰੀ ਸੈਕਟਰੀ ਉਪਿੰਦਰਪ੍ਰਤਾਪ ਸਿੰਘ ਸਮੇਤ ਪਾਰਟੀ ਦੇ ਹੋਰ ਆਗੂ ਅਤੇ ਵਰਕਰ ਹਾਜ਼ਰ ਸਨ।

## ਭਾਰਤੀ ਚੋਣ ਕਮਿਸ਼ਨ ਵੱਲੋਂ ਚੋਣ ਡਿਊਟੀ 'ਤੇ ਮੌਜੂਦ ਪੱਤਰਕਾਰਾਂ ਨੂੰ ਪੋਸਟਲ ਬੈਲਟ ਰਾਹੀਂ ਵੋਟ ਪਾਉਣ ਦੀ ਇਜਾਜ਼ਤ : ਸਿਬਿਨ ਸੀ

### ਕਮਿਸ਼ਨ ਵੱਲੋਂ ਪੰਜਾਬ ਦੇ 6 ਸਰਕਾਰੀ ਵਿਭਾਗਾਂ ਦੇ ਸਟਾਫ ਦੇ ਨਾਲ ਨਾਲ ਪੱਤਰਕਾਰ ਵੀ ਜ਼ਰੂਰੀ ਸੇਵਾ ਸ਼੍ਰੇਣੀ ਵਿੱਚ ਕੀਤੇ ਗਏ ਸ਼ਾਮਲ

ਖੰਨਾ, 29 ਮਾਰਚ (ਓਮਕਾਰ ਸਿੰਘ ਸੱਤੂ)- ਭਾਰਤੀ ਚੋਣ ਕਮਿਸ਼ਨ ਨੇ ਚੋਣਾਂ ਵਾਲੇ ਦਿਨ ਦੀ ਕਵਰੇਜ ਕਰਨ ਲਈ ਡਿਊਟੀ 'ਤੇ ਤਾਇਨਾਤ ਪੰਜਾਬ ਦੇ ਮੀਡੀਆ ਕਰਮੀਆਂ ਨੂੰ ਲੋਕ ਸਭਾ ਚੋਣਾਂ 2024 ਵਿੱਚ ਪੋਸਟਲ ਬੈਲਟ ਰਾਹੀਂ ਵੋਟ ਪਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਕਮਿਸ਼ਨ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ, ਵੋਟਿੰਗ ਵਾਲੇ ਦਿਨ ਦੀ ਕਵਰੇਜ ਲਈ ਕਮਿਸ਼ਨ ਵੱਲੋਂ ਮਾਨਤਾ ਪ੍ਰਾਪਤ ਮੀਡੀਆ ਕਰਮੀਆਂ ਅਤੇ ਸੂਬਾ ਸਰਕਾਰ ਦੇ ਹੋਰ ਵਿਭਾਗਾਂ ਦੇ ਅਧਿਕਾਰੀ/ਕਰਮਚਾਰੀ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 60 (ਸੀ) ਦੇ ਤਹਿਤ ਪੋਸਟਲ ਬੈਲਟ ਰਾਹੀਂ ਵੋਟ ਪਾ ਸਕਦੇ ਹਨ। ਸਿਬਿਨ ਸੀ ਨੇ ਅੱਗੇ ਦੱਸਿਆ ਕਿ ਨੋਟੀਫਿਕੇਸ਼ਨ ਮੁਤਾਬਕ, ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਸਰਕਾਰ ਦੇ 6 ਸਰਕਾਰੀ ਵਿਭਾਗਾਂ ਦੇ ਸਟਾਫ ਦੇ ਨਾਲ ਨਾਲ, ਕਮਿਸ਼ਨ ਵੱਲੋਂ ਮਾਨਤਾ ਪ੍ਰਾਪਤ ਪੱਤਰਕਾਰਾਂ ਨੂੰ ਪੋਸਟਲ ਬੈਲਟ ਰਾਹੀਂ ਵੋਟ ਪਾਉਣ ਵਾਸਤੇ ਨੋਟੀਫਾਈ ਕੀਤਾ ਹੈ ਜਿਹੜੇ ਕਿ ਵੋਟਿੰਗ ਵਾਲੇ ਦਿਨ ਦੀ ਕਵਰੇਜ ਲਈ ਜ਼ਰੂਰੀ ਸੇਵਾ ਕਰਮਚਾਰੀਆਂ ਵਜੋਂ ਰੁੱਝੇ ਹੋਣਗੇ। ਉਨ੍ਹਾਂ ਦੱਸਿਆ ਕਿ ਪੋਸਟਲ ਬੈਲਟ ਰਾਹੀਂ ਵੋਟਾਂ ਪਾਉਣ ਵਾਲਿਆਂ ਵਿੱਚ ਸਥਾਨਕ ਸਰਕਾਰਾਂ ਵਿਭਾਗ (ਫਾਇਰ ਸਰਵਿਸਿਜ਼), ਟਰਾਂਸਪੋਰਟ ਵਿਭਾਗ (ਡਰਾਈਵਰ, ਕੰਡਕਟਰ, ਵਰਕ ਸ਼ਾਪ ਸਟਾਫ, ਓਪਰੇਸ਼ਨ ਸਟਾਫ ਅਤੇ ਜ਼ਿਲ੍ਹਾ ਪੱਧਰ 'ਤੇ ਹੈੱਡਕੁਆਰਟਰ ਅਤੇ ਡਿਪੂਆਂ ਵਿੱਚ ਤਾਇਨਾਤ ਅਧਿਕਾਰੀ), ਜੇਲ੍ਹ ਵਿਭਾਗ (ਸੁਪਰਡੈਂਟ, ਡਿਪਟੀ ਸੁਪਰਡੈਂਟ, ਸਹਾਇਕ ਸੁਪਰਡੈਂਟ ਅਤੇ ਜੇਲ੍ਹਾਂ ਵਿੱਚ ਤਾਇਨਾਤ ਸੁਰੱਖਿਆ ਸਟਾਫ਼), ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ (ਪੁਲਿਸ ਅਧਿਕਾਰੀ, ਪੁਲਿਸ ਕਰਮਚਾਰੀ, ਸਿਵਲ ਡਿਫੈਂਸ ਅਤੇ ਹੋਮ ਗਾਰਡ), ਬਿਜਲੀ ਵਿਭਾਗ (ਰਾਜ ਪਾਵਰ ਕਾਰਪੋਰੇਸ਼ਨ ਅਤੇ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਦਾ ਜਨਰੇਸ਼ਨ ਯੂਨਿਟਾਂ ਵਿੱਚ ਤਾਇਨਾਤ ਸਟਾਫ਼, ਥਰਮਲ ਪਲਾਂਟ, ਹਾਈਡਲ ਯੂਨਿਟਾਂ (ਸੂਬੇ ਦੇ ਅੰਦਰ ਜਾਂ ਬਾਹਰ), ਬੀਬੀਐਮਬੀ ਲਈ ਡੈਪੂਟੇਸ਼ਨ 'ਤੇ ਸਟਾਫ਼ ਅਤੇ ਗਰਿੱਡ ਸਬ ਸਟੇਸ਼ਨ ਵਿੱਚ ਤਾਇਨਾਤ ਫੀਲਡ ਸਟਾਫ਼), ਸਿਹਤ ਅਤੇ ਪਰਿਵਾਰ ਭਲਾਈ ਵਿਭਾਗ (ਏ) ਖੁਰਾਕ ਅਤੇ ਡਰੱਗ ਪ੍ਰਸ਼ਾਸਨ ਦੇ ਕਮਿਸ਼ਨਰੇਟ ਅਧੀਨ ਕੰਮ ਕਰਨ ਵਾਲੇ ਡਰੱਗ ਕੰਟਰੋਲ ਅਧਿਕਾਰੀ (ਬੀ) ਮੈਡੀਕਲ ਅਤੇ ਪੈਰਾ-ਮੈਡੀਕਲ ਸਟਾਫ਼ ਵੋਟਾਂ ਵਾਲੇ ਦਿਨ ਕੰਮ ਕਰ ਰਿਹਾ/ਡਿਊਟੀ 'ਤੇ ਤਾਇਨਾਤ ਸਟਾਫ ਸ਼ਾਮਿਲ ਹੈ।

# ਟੱਚਸਟੋਨ ਐਜੂਕੇਸ਼ਨਲ ਨੇ ਇੰਡੀਆ ਬਿਜ਼ਨਸ ਪਾਰਟਨਰ ਆਈਡੀਪੀ ਦੇ ਸਹਿਯੋਗ ਨਾਲ ਬਰਨਾਲਾ ਵਿਖੇ ਆਈਲੈਟਸ ਮੈਗਾ ਮੇਲਾ ਲਗਾਇਆ



ਬਰਨਾਲਾ, 29 ਮਾਰਚ (ਰਾਜਿੰਦਰ ਸ਼ਰਮਾ )- ਟੱਚਸਟੋਨ ਐਜੂਕੇਸ਼ਨਲਜ਼ ਨੇ ਆਈਡੀਪੀ ਦੇ ਸਹਿਯੋਗ ਨਾਲ ਸ਼ੁਕਰਵਾਰ ਨੂੰ ਬਰਨਾਲਾ ਵਿਖੇ ਆਪਣੇ ਆਈਲੈਟਸ ਮੈਗਾ ਮੇਲੇ ਦੀ ਮੇਜ਼ਬਾਨੀ ਕੀਤੀ। ਇਸ ਆਈਲੈਟਸ ਮੈਗਾ ਮੇਲੇ ਦੌਰਾਨ ਵਿਦੇਸ਼ਾਂ ਵਿੱਚ ਸਿੱਖਿਆ, ਰੁਜ਼ਗਾਰ, ਜਾਂ ਰਿਹਾਇਸ਼ ਦੇ ਮੌਕਿਆਂ ਲਈ ਚਾਹਵਾਨ ਵਿਅਕਤੀਆਂ ਲਈ ਆਈਲੈਟਸ ਪ੍ਰੀਖਿਆ ਦੀ ਅਹਿਮ ਭੂਮਿਕਾ ਬਾਰੇ ਜਾਣਕਾਰੀ ਸਾਂਝਾ ਕੀਤੀ ਗਈ। ਆਈਲੈਟਸ ਮੈਗਾ ਦੌਰਾਨ ਟੱਚਸਟੋਨ ਐਜੂਕੇਸ਼ਨਲਜ਼ ਦੇ ਸੀਈਓ 'ਤੇ ਐਮਡੀ ਆਸ਼ੂਤੋਸ਼ ਆਨੰਦ ਦੀ ਅਗਵਾਈ ਵਿੱਚ ਇੱਕ ਖਾਸ ਸੈਸ਼ਨ ਕੀਤਾ ਗਿਆ ਜਿਸ ਦੌਰਾਨ ਵਿਦੇਸ਼ ਵਿੱਚ ਪੜ੍ਹਾਈ ਕਰਨ ਸਮੇਤ ਰੁਜ਼ਗਾਰ 'ਤੇ ਹੋਰ ਕਿੱਤੇ ਲਈ ਗਿਆਨ ਭਰਪੂਰ ਜਾਣਕਾਰੀ ਸਾਂਝੀ ਕੀਤੀ ਅਤੇ ਭਾਗੀਦਾਰਾਂ ਦੇ ਸਵਾਲਾਂ ਨੂੰ ਨਿੱਜੀ ਤੌਰ 'ਤੇ ਸੰਬੋਧਨ ਕੀਤਾ। ਸ਼੍ਰੀ ਆਨੰਦ ਨੇ ਆਈਲੈਟਸ ਪ੍ਰੀਖਿਆ ਦੇ ਸਾਰੇ ਚਾਰ ਮਾਡਿਊਲਾਂ ਨੂੰ ਇੰਟਰਐਕਟਿਵ ਅਤੇ ਜਾਣਕਾਰੀ ਭਰਪੂਰ ਤਰੀਕੇ ਨਾਲ ਮੁਹਾਰਤ ਹਾਸਲ ਕਰਨ ਲਈ ਅਨਮੋਲ ਸੁਝਾਅ ਦਿੱਤੇ ਗਏ। ਸੈਸ਼ਨ ਨੂੰ ਸੁਣਨ ਉਪਰੰਤ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਨਾਲ ਆਏ ਮਾਪਿਆਂ ਦੋਵਾਂ ਵੱਲੋਂ ਸਲਾਘਾਂ ਕੀਤੀ ਗਈ । ਇਸ ਮੌਕੇ ਆਈਲੈਟਸ ਮਾਹਿਰ 'ਤੇ ਟ੍ਰੇਨਰ ਸੁਜਾਤਾ ਛਾਬੜਾ ਨੂੰ ਅਧਿਆਪਨ ਲਈ ਉਨ੍ਹਾਂ ਦੇ ਜਨੂੰਨ ਲਈ ਸ਼ਲਾਘਾ ਕੀਤੀ। ਇਸ ਮੈਗਾ ਮੇਲੇ ਨੂੰ ਲੈਕੇ ਟਚਸਟੋਨ ਐਜੂਕੇਸ਼ਨਲ ਨੇ ਆਈਡੀਪੀ ਆਈਲੈਟਸ ਟੀਮ, ਖਾਸ ਤੌਰ 'ਤੇ ਇੰਦਰਪ੍ਰੀਤ ਸਿੰਘ ਐਸੋਸੀਏਟ ਡਾਇਰੈਕਟਰ ਆਈਲੈਟਸ ਓਪਰੇਸ਼ਨਜ਼ (ਉੱਤਰੀ ਭਾਰਤ) ਅਤੇ ਆਈਲੈਟਸ ਪ੍ਰਸ਼ਾਸਕ (ਭਾਰਤ) ਦਾ ਧੰਨਵਾਦ ਕੀਤਾ ਜਿਨ੍ਹਾਂ ਦੀ ਦੂਰ ਅੰਦੇਸ਼ੀ ਸਦਕਾ ਇਹ ਮੈਗਾ ਮੇਲਾ ਸੰਭਵ ਹੋਇਆ। ਟੱਚਸਟੋਨ ਐਜੂਕੇਸ਼ਨਲ ਨੇ ਇਸਤੋਂ ਬਾਅਦ ਜਲੰਧਰ ਅਤੇ ਅੰਮ੍ਰਿਤਸਰ ਵਿੱਚ ਆਉਣ ਵਾਲੇ ਆਈਲੈਟਸ ਮੈਗਾ ਮੇਲਿਆਂ ਵਿੱਚ ਸ਼ਾਮਲ ਹੋਣ ਲਈ ਨਿੱਘਾ ਸੱਦਾ ਦਿੱਤਾ ।



# ਸਟਿੰਗ ਆਪ੍ਰੇਸ਼ਨ

e-mail : stingnews24@gmail.com
www.stingoperation.us

ਜਲੰਧਰ । ਸ਼ਨਿੱਚਰਵਾਰ, 30 ਮਾਰਚ 2024






## ਇੱਕ ਨਜ਼ਰ



### ਰੱਖਿਆ ਮੰਤਰੀ ਰਾਜਨਾਥ ਸਿੰਘ ਦਾ ਅਗਨੀਵੀਰ ਯੋਜਨਾ ਤਹਿਤ

## ਭਰਤੀ ਹੋਏ ਨੌਜਵਾਨਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਦਿੱਤਾ ਬਿਆਨ ਸਲਾਂਘਾਯੋਗ: ਇੰਜ.ਸਿੱਧੂ

ਨਵੀਂ ਦਿੱਲੀ, 29 ਮਾਰਚ (ਸੁਖਰਾਜ ਸਿੰਘ): ਦੇਸ਼ ਦੇ ਰੱਖਿਆ ਮੰਤਰੀ ਸ੍ਰੀ ਰਾਜਨਾਥ ਸਿੰਘ ਵੱਲੋ ਅਗਨੀਵੀਰ ਯੋਜਨਾ ਵਿੱਚ ਜੋਂ ਭੀ ਖਾਮੀਆਂ ਸਨ ਅਤੇ ਇਸ ਸਕੀਮ ਦਾ ਟਾਇਮ ਪੀਰੀਅਡ ਮਹਿਜ ਚਾਰ ਸਾਲ ਹੋਣ ਕਰਕੇ ਇਸ ਵਿੱਚ ਭਰਤੀ ਹੋਏ ਨੌਜਵਾਨਾਂ ਵਿੱਚ ਅਸੁਰੱਖਿਅਤ ਦੀ ਭਾਵਨਾ ਸੀ ਉਹਨਾਂ ਸੱਭ ਕੁੱਝ ਲਈ ਅਤੇ ਇਹਨਾਂ ਨੂੰ ਸੋਧ ਕਰਨ ਬਾਬਤ ਵਿਚਾਰ ਕਰਨ ਲਈ ਦਿੱਤਾ ਗਿਆ ਬਿਆਨ ਅਤੀ ਸਲਾਘਾਯੋਗ ਕਦਮ ਹੈ। ਇਹ ਵਿਚਾਰ ਭਾਜਪਾ ਦੇ ਸੀਨੀਅਰ ਆਗੂ ਤੇ ਹਲਕਾ ਇੰਚਾਰਜ ਭਦੌੜ ਇੰਜ. ਗੁਰਜਿੰਦਰ ਸਿੰਘ ਸਿੱਧੂ ਨੇ ਹੌਲਦਾਰ ਜੰਗੀਰ ਸਿੰਘ ਦੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਦੂਰ ਅੰਦੇਸ਼ੀ ਸੋਚ ਸਦਕਾ ਇਹ ਅਗਨੀਵੀਰ ਯੋਜਨਾ ਨੌਜਵਾਨਾਂ ਦੇ ਹਿੱਤ ਤਹਿਤ ਲਿਆਂਦੀ ਗਈ ਸੀ ਉਹ ਹਮੇਸ਼ਾ ਹੀ ਨੌਜਵਾਨਾਂ ਪ੍ਰਤੀ ਚਿੰਤਿਤ ਸਨ ਨਸੇ ਵਰਗੀਆਂ ਅਲਾਮਤਾਂ ਅਤੇ ਬੇਰੁਜਗਾਰੀ ਤੋਂ ਬਚਾਉਣ ਲਈ ਸ਼੍ਰੀ ਮੋਦੀ ਇਹ ਕਾਨੂੰਨ ਲੈ ਕੇ ਆਏ ਸਨ ਅਤੇ ਲੱਖਾ ਬੇਰੁਜਗਾਰ ਨੌਜਵਾਨਾਂ ਨੂੰ ਇਸ ਸਕੀਮ ਤਹਿਤ ਭਾਰਤੀ ਫੌਜ ਦੀਆ ਤਿੰਨੇ ਟੁਕੜਿਆਂ ਵਿੱਚ ਰੁਜਗਾਰ ਮਿਲਿਆ ਪ੍ਰੰਤੂ ਵਿਰੋਧੀਆਂ ਨੇ ਬਿਨਾਂ ਬਜਾਹ ਹੱਲਾ ਗੁੱਲਾ ਕਰਨਾ ਸੁਰੂ ਕਰ ਦਿੱਤਾ ਹਰ ਸਕੀਮ ਲਾਗੂ ਹੋਣ ਤੋਂ ਬਾਅਦ ਕੁੱਝ ਤਰੁੱਟੀਆਂ ਰਹਿ ਜਾਂਦੀਆ ਹਨ ਭਾਵੇਂ ਅਸੀਂ ਭੀ ਕੁੱਝ ਤਰੁੱਟੀਆਂ ਨੋਟ ਕੀਤੀਆ ਅਤੇ ਸਮੇਂ ਸਿਰ ਸਾਡੇ ਵੱਲੋ ਵੀ ਸਰਕਾਰ ਦੇ ਧਿਆਨ ਵਿੱਚ ਲਿਆਂਦੀਆਂ ਗਈਆ ਸਨ।ਜਿਸ ਵਿੱਚ ਡਿਊਟੀ ਦੌਰਾਨ ਮਾਰੇ ਗਏ ਅਗਨੀ ਵੀਰ ਨੂੰ ਰੈਗੂਲਰ ਫੌਜੀ ਵਾਗ ਸੁਵਿਧਾਵਾਂ ਦਾ ਨਾ ਮਿਲਣਾ ਆਦਿ ਮਹੱਤਵ ਪੂਰਨ ਤਰੁੱਟੀ ਸੀ। ਇੰਜ. ਸਿੱਧੂ ਨੇ ਕਿਹਾ ਕਿ ਸਾਨੂੰ ਉਮੀਦ ਹੈ ਕਿ ਸਰਕਾਰ ਜਲਦੀ ਤੋਂ ਜਲਦੀ ਇਸ ਯੋਜਨਾ ਵਿੱਚ ਤਬਦੀਲੀਆਂ ਕਰਕੇ ਇਸ ਸਕੀਮ ਨੂੰ ਨੌਜਵਾਨਾਂ ਵਿੱਚ ਹਰਮਨ ਪਿਆਰੀ ਯੋਜਨਾ ਕਰਨ ਲਈ ਯਤਨ ਕਰੇਗੀ ਇਸ ਮੌਕੇ ਵਾਰੰਟ ਅਫ਼ਸਰ ਬਲਵਿੰਦਰ ਸਿੰਘ ਢੀਂਡਸਾ, ਅਵਤਾਰ ਸਿੰਘ ਭੁਰੇ, ਸੂਬੇਦਾਰ ਧੰਨਾ ਸਿੰਘ ਧੌਲਾ, ਹੌਲਦਾਰ ਬਸੰਤ ਸਿੰਘ ਉਗੋ, ਹੌਲਦਾਰ ਗੁਰਤੇਜ ਸਿੰਘ ਦਾਨਗੜ੍ਹ, ਗੁਰਦੇਵ ਸਿੰਘ ਮੱਕੜ ਆਦਿ ਆਗੂ ਹਾਜਰ ਸਨ।



## ਵਰ੍ਹੇਗੰਢ ਮੁਬਾਰਕ

ਗੁਰਮੀਤ ਸਿੰਘ ਅਤੇ ਮਨਪ੍ਰੀਤ ਕੌਰ (ਲੁਧਿਆਣਾ) ਨੂੰ ਵਿਆਹ ਦੀ 16ਵੀਂ ਵਰ੍ਹੇਗੰਢ ਦੀਆਂ ਸਟਿੰਗ ਆਪ੍ਰੇਸ਼ਨ ਦੀ ਟੀਮ ਵੱਲੋਂ ਵਧਾਈਆਂ।


## ਸਿੰਟਗ ਆਪ੍ਰੇਸ਼ਨ

STING OPERATION

(Newspaper & Web Channel)

के लिए समूह भारत में जिला इंचार्ज, पत्रकारों एवं विज्ञापन एजैंट्स की जरूरत है।

सम्पर्क करें

90416-59160

stingnews24@gmail.com


### ਮਾਪੇ ਅਧਿਆਪਕ ਮਿਲਣੀ ਮੌਕੇ ਰਾਮਗੜ੍ਹ ਸਕੂਲ ਵਿਖੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ

## ਸਖਸ਼ੀਅਤਾਂ ਦਾ ਪੁਸਤਕਾਂ ਭੇਂਟ ਕਰਕੇ ਕੀਤਾ ਸਨਮਾਨ

**ਇਲਾਕੇ ਦੇ ਉਘੇ ਸਮਾਜ ਸੇਵੀ ਅਮਰਿੰਦਰ ਸਿੰਘ ਚਹਿਲ ਅਤੇ ਡਾ. ਜੇ.ਐਸ. ਖੰਨਾ ਨੇ ਕਿਹਾ ਕਿ ਵਿਦਿਆਰਥੀ ਸੋਸ਼ਲ ਮੀਡੀਆ ਤੇ ਫੇਕ ਜਾਣਕਾਰੀਆਂ ਤੋਂ ਸੁਚੇਤ ਰਹਿਣ ਅਤੇ ਮੋਬਾਇਲ ਤੇ ਆਈਆਂ ਝੂਠੀਆਂ....**





ਖੰਨਾ, 29 ਮਾਰਚ (ਓਮਕਾਰ ਸਿੰਘ ਸੱਤੂ)- ਸਰਕਾਰੀ ਮਿਡਲ ਸਮਾਰਟ ਸਕੂਲ ਰਾਮਗੜ੍ਹ ਨਵਾਂ ਪਿੰਡ ਵਿਖੇ ਸਕੂਲ ਮੁਖੀ ਨੈਸ਼ਨਲ ਅਵਾਰਡੀ ਡਾ. ਬਲਰਾਮ ਸ਼ਰਮਾ ਦੀ ਅਗਵਾਈ ਵਿੱਚ ਮਾਪੇ-ਅਧਿਆਪਕ ਮਿਲਣੀ ਮੌਕੇ ਇੱਕ ਪ੍ਰਭਾਵਸ਼ਾਲੀ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਐਸ.ਐਮ.ਸੀ. ਚੇਅਰਪਰਸਨ ਕੁਲਜਿੰਦਰ ਕੌਰ , ਸੰਤ ਬਾਬਾ ਕਰਨੈਲ ਸਿੰਘ , ਡਾ. ਜਗਦੀਸ਼ ਦਿਉੜਾ (ਰਾਜ ਮਲਟੀ ਸਪੈਸ਼ਿਲਟੀ ਹਸਪਤਾਲ), ਸੰਜੀਵ ਸ਼ਰਮਾ, ਅਮਰਿੰਦਰ ਸਿੰਘ ਚੈਹਿਲ ਉਘੇ ਸਮਾਜ ਸੇਵੀ , ਪ੍ਰਿੰਸੀ.ਆਦਰਸ਼ ਕੁਮਾਰ, ਸਿੱਖਿਆ ਸ਼ਾਸਤਰੀ ਲੋਕ ਨਾਥ ਸ਼ਰਮਾ ਅਤੇ ਡਾ.ਜੇ.ਐਸ. ਖੰਨਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਛੇਵੀਂ ਅਤੇ ਸੱਤਵੀਂ ਜਮਾਤ ਦਾ ਸਲਾਨਾ ਨਤੀਜਾ ਐਲਾਨਿਆ ਗਿਆ ਜਿਸ ਵਿੱਚ ਸੱਤਵੀਂ ਜਮਾਤ ਵਿੱਚੋਂ ਸੁਖਮਨੀ ਕੌਰ, ਹਰਜੀਤ ਸਿੰਘ , ਸਿਮਰਨ ਕੌਰ ਅਤੇ ਪਰਨੀਤ ਕੌਰ ਨੇ ਕ੍ਰਮਵਾਰ ਪਹਿਲਾ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਛੇਵੀਂ ਜਮਾਤ ਵਿੱਚੋਂ ਕਾਜੋਲ , ਪੀਹੂ ਅਤੇ ਸਿਧਾਰਥ ਕੁਮਾਰ ਨੇ ਕ੍ਰਮਵਾਰ ਪਹਿਲਾ , ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਸਮਾਗਮ ਦੌਰਾਨ ਪ੍ਰਬੰਧਕਾਂ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਨਮਾਨ ਪੱਤਰ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਆਪਣੇ ਸੰਬੋਧਨ ਦੌਰਾਨ ਸੰਤ ਬਾਬਾ ਕਰਨੈਲ ਸਿੰਘ ਅਤੇ ਸੰਜੀਵ ਸ਼ਰਮਾ ਨੇ ਕਿਹਾ ਕਿ ਵਿਦਿਆਰਥੀ ਆਪਣੇ ਸੁਨਿਹਰੇ ਭਵਿੱਖ ਲਈ ਨੈਤਿਕ ਕਦਰਾਂ ਕੀਮਤਾਂ ਨੂੰ ਅਪਨਾਉਦੇ ਹੋਏ ਆਪਣੇ ਅਮੀਰ ਵਿਰਸੇ ਨਾਲ ਜੁੜਨ। ਪ੍ਰਿੰਸੀਪਲ ਆਦਰਸ਼ ਕੁਮਾਰ ਅਤੇ ਸਿੱਖਿਆ ਸ਼ਾਸਤਰੀ ਲੋਕ ਨਾਲ ਸ਼ਰਮਾ ਨੇ ਕਿਹਾ ਕਿ ਵਿਦਿਆਰਥੀ ਮੋਬਾਈਲ ਫੋਨ ਦੀ ਵਰਤੋਂ ਘੱਟ ਤੋਂ ਘੱਟ ਕਰਨ ਅਤੇ ਆਪਣੇ ਮਾਤਾ-ਪਿਤਾ ਤੇ ਅਧਿਆਪਕਾਂ ਦਾ ਸਤਿਕਾਰ ਕਰਨ। ਡਾ.ਜਗਦੀਸ਼ ਦਿਓੜਾ ਨੇ ਨਰੋਈ ਸਿਹਤ ਦੇ ਕੀਮਤੀ ਨੁਕਤੇ ਦੱਸਦੇ ਹੋਏ ਵਿਦਿਆਰਥੀਆਂ ਨੂੰ ਰੋਜ਼ਾਨਾ ਕਸਰਤ ਅਤੇ ਯੋਗ ਕਰਨ ਲਈ ਕਿਹਾ। ਇਲਾਕੇ ਦੇ ਉਘੇ ਸਮਾਜ ਸੇਵੀ ਅਮਰਿੰਦਰ ਸਿੰਘ ਚਹਿਲ ਅਤੇ ਡਾ. ਜੇ.ਐਸ. ਖੰਨਾ ਨੇ ਕਿਹਾ ਕਿ ਵਿਦਿਆਰਥੀ ਸੋਸ਼ਲ ਮੀਡੀਆ ਤੇ ਫੇਕ ਜਾਣਕਾਰੀਆਂ ਤੋਂ ਸੁਚੇਤ ਰਹਿਣ ਅਤੇ ਮੋਬਾਇਲ ਤੇ ਆਈਆਂ ਝੂਠੀਆਂ , ਮਨ ਲਲਚਾਊ ਅਤੇ ਲਾਲਚ ਦੇਣ ਵਾਲੀਆਂ ਕਾਲਾਂ ਤੋਂ ਸਾਵਧਾਨ ਹੋਣ ਦੀ ਲੋੜ ਹੈ ਅਤੇ ਨਾਲ ਹੀ ਸਮਾਜ ਸੇਵੀ ਅਮਰਿੰਦਰ ਸਿੰਘ ਚੈਹਿਲ ਨੇ ਕਿਹਾ ਕਿ ਪੰਜਾਬ ਵਿੱਚ ਜੋਰਾਂ ਤੇ ਚੱਲ ਰਹੇ ਸਾਈਬਰ ਅਪਰਾਧ ਤੋਂ ਬਚਣਾ ਸਮੇਂ ਦੀ ਮੁੱਖ ਲੋੜ ਹੈ। ਸਮੁੱਚੇ ਮਹਿਮਾਨਾਂ ਵੱਲੋਂ ਸਕੂਲ ਮੁਖੀ ਡਾ.ਬਲਰਾਮ ਸ਼ਰਮਾ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦੀ ਬਿਹਤਰੀਨ ਕਾਰਗੁਜ਼ਾਰੀ ਬਾਰੇ ਭਰਵੀਂ ਪ੍ਰਸ਼ੰਸਾ ਕੀਤੀ ਗਈ। ਮੰਚ ਸੰਚਾਲਨ ਡਾ. ਬਲਰਾਮ ਸ਼ਰਮਾ ਵੱਲੋਂ ਬਾਖੂਬੀ ਅਤੇ ਨਿਵੇਕਲੇ ਢੰਗ ਨਾਲ ਨਿਭਾਇਆ ਗਿਆ। ਸਕੂਲ ਵੱਲੋਂ ਕਿਤਾਬ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਇੱਕ ਵਿਲੱਖਣ ਪਿਰਤ ਕਾਇਮ ਕਰਦੇ ਹੋਏ ਆਏ ਮਹਿਮਾਨਾਂ ਦਾ ਪੁਸਤਕਾਂ ਭੇਂਟ ਕਰਕੇ ਸਨਮਾਨ ਕੀਤਾ ਗਿਆ। ਇਸ ਮੌਕੇ ਉਕਤ ਤੋਂ ਇਲਾਵਾ ਕਪਿਲ ਦੇਵ ਸੋਨੀ , ਰਾਜਨ ਕੈਂਥ , ਹਰਪ੍ਰੀਤ ਕੌਰ , ਪੂਜਾ ਪਾਠਕ , ਕੁਲਦੀਪ ਕੌਰ , ਕਰਮਜੀਤ ਕੌਰ , ਮਨਜੀਤ ਕੌਰ , ਗੁਰਮੀਤ ਕੌਰ ਅਤੇ ਬਲਵੀਰ ਕੌਰ ਸਮੇਤ ਵੱਡੀ ਗਿਣਤੀ ਵਿੱਚ ਮਾਪੇ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

### ਪੋਸਟ ਆਫਿਸ ਛੇਹਰਟਾ ਦੇ ਮਾਰਕੀਟਿੰਗ ਅਫਸਰ ਗੁਰਪ੍ਰੀਤ ਸਿੰਘ ਅਤੇ ਐਸ.ਸੀ. ਐਸ.ਟੀ. ਵੈਲਫੇਅਰ ਐਸੋਸੀਏਸ਼ਨ ਵੱਲੋਂ

## ਪੋਸਟ ਆਫਿਸ ਜ਼ਿਲ੍ਹਾ ਅੰਮ੍ਰਿਤਸਰ ਦੇ ਨਵ ਨਿਯੁਕਤ ਐਸ.ਐਸ.ਪੀ. ਪਰਵੀਨ ਪਰਸੂਨ ਦਾ ਵਿਸ਼ੇਸ਼ ਸਨਮਾਨ

**ਮਹਿਕਮੇ ਵੱਲੋਂ ਮਿਲੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਦੇ ਨਾਲ ਨਿਭਾਵਾਂਗਾ : ਐਸਐਸਪੀ ਪਰਵੀਨ ਪਰਸੂਨ • ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਬੇਝਿਜਕ ਹੋ ਕੇ ਜਿਸ ਮਰਜ਼ੀ ਡਾਕਖਾਨੇ ਦੇ ਵਿੱਚ ਜਾ ਕੇ ਆਪਣਾ ਕੰਮ ਕਰਵਾਉਣ....**



ਅੰਮਿਤਸਰ, 29 ਮਾਰਚ (ਹਰਪਾਲ ਸਿੰਘ ਭੰਗੂ)- ਅੰਮ੍ਰਿਤਸਰ ਪੋਸਟ ਆਫਿਸ ਦੇ ਨਵੇਂ ਐਸਐਸਪੀ ਪਰਵੀਨ ਪਰਸੂਨ ਨੂੰ ਪੋਸਟ ਆਫਿਸ ਛੇਹਰਟਾ ਦੇ ਮਾਰਕੀਟਿੰਗ ਅਫਸਰ ਗੁਰਪ੍ਰੀਤ ਸਿੰਘ ਅਤੇ ਆਲ ਇੰਡੀਆ ਐਸਸੀ ਐਸਟੀ ਪੋਸਟ ਵੈਲਫੇਅਰ ਐਸੋਸੀਏਸ਼ਨ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।। ਇਸ ਮੌਕੇ ਤੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦੇ ਹੋਏ ਪੋਸਟ ਆਫਿਸ ਜਿਲਾ ਅੰਮ੍ਰਿਤਸਰ ਦੇ ਨਵ ਨਿਯੁਕਤ ਐਸਐਸਪੀ ਪ੍ਰਵੀਨ ਪ੍ਰਸੂਨ ਨੇ ਦੱਸਿਆ ਕਿ ਉਹ ਆਪਣੇ ਆਪ ਨੂੰ ਬਹੁਤ ਵਡਭਾਗਾ ਮੰਨਦੇ ਹਨ ਕਿ ਉਹਨਾਂ ਨੂੰ ਗੁਰੂ ਕੀ ਨਗਰੀ ਅੰਮ੍ਰਿਤਸਰ ਸਾਹਿਬ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਅਤੇ ਉਹ ਇਸ ਸੇਵਾ ਨੂੰ ਪੂਰੀ ਤਨਦੇਹੀ ਦੇ ਨਾਲ ਨਿਭਾਉਣਗੇ। ਉਹਨਾਂ ਕਿਹਾ ਕਿ ਡਾਕਖਾਨਿਆਂ ਦੇ ਵਿੱਚ ਆਉਣ ਵਾਲੇ ਹਰ ਗ੍ਰਾਹਕ ਦੇ ਨਾਲ ਮੁਲਾਜ਼ਮਾਂ ਵੱਲੋਂ ਪਿਆਰ ਭਰੇ ਵਤੀਰੇ ਦੇ ਨਾਲ ਗੱਲਬਾਤ ਕੀਤੀ ਜਾਵੇ ਤਾਂ ਜੋ ਵੱਧ ਤੋਂ ਵੱਧ ਗ੍ਰਾਹਕਾਂ ਨੂੰ ਪੋਸਟ ਆਫਿਸ ਦੀਆਂ ਸਕੀਮਾਂ ਵੱਲ ਖਿੱਚਿਆ ਜਾ ਸਕੇ। ਉਹਨਾਂ ਕਿਹਾ ਕਿ ਅੱਜ ਦੇ ਯੁੱਗ ਦੇ ਵਿੱਚ ਲੋਕ ਪੋਸਟ ਆਫਿਸ ਤੇ ਬੇਹੱਦ ਭਰੋਸਾ ਕਰਦੇ ਹਨ, ਕਿਉਂਕਿ ਪੋਸਟ ਆਫਿਸ ਵੱਲੋਂ ਗ੍ਰਾਹਕਾਂ ਨੂੰ ਕਈ ਤਰ੍ਹਾਂ ਦੀਆਂ ਸਕੀਮਾਂ ਦਿੱਤੀਆਂ ਜਾ ਰਹੀਆਂ ਹਨ।। ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬੇਝਿਜਕ ਹੋ ਕੇ ਆਪਣਾ ਪੈਸਾ ਪੋਸਟ ਆਫਿਸਾਂ ਦੇ ਵਿੱਚ ਖਾਤੇ ਖਿਲਾ ਕੇ ਜਮਾ ਕਰਾਉਣ ਕਿਉਂਕਿ ਇੱਥੇ ਉਹਨਾਂ ਦਾ ਪੈਸਾ ਬੈਂਕਾਂ ਨਾਲੋਂ ਕਿਤੇ ਜਿਆਦਾ ਸੁਰੱਖਿਅਤ ਹੈ। ਉਹਨਾਂ ਕਿਹਾ ਕਿ ਡਾਕਖਾਨੇ ਦੇ ਵਿੱਚ ਸੁਕੰਨਿਆ ਸਕੀਮ ਅਤੇ ਹੋਰ ਕਿਸਾਨ ਵਿਕਾਸ ਪੱਤਰ ਵਰਗੀਆਂ ਕਈ ਸਕੀਮਾਂ ਚੱਲ ਰਹੀਆਂ ਹਨ ਜਿਨਾਂ ਦਾ ਗ੍ਰਾਹਕ ਵੱਧ ਤੋਂ ਵੱਧ ਫਾਇਦਾ ਲੈ ਸਕਦੇ ਹਨ।। ਉਹਨਾਂ ਕਿਹਾ ਕਿ ਡਾਕਖਾਨਿਆਂ ਦੇ ਵਿੱਚ ਆਉਣ ਵਾਲਾ ਕਸਟਮਰ ਉਹਨਾਂ ਦੇ ਲਈ ਰੱਬ ਦੇ ਬਰਾਬਰ ਹੈ ਅਤੇ ਉਹ ਇਹਨਾਂ ਗ੍ਰਾਹਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਪਰੇਸ਼ਾਨੀ ਨਹੀਂ ਆਉਣ ਦੇਣਗੇ ਉਹਨਾਂ ਸਾਫ ਕੀਤਾ ਕੀ ਉਹਨਾਂ ਵੱਲੋਂ ਆਉਣ ਸਾਰ ਹੀ ਆਪਣੇ ਸਾਰੇ ਕਰਮਚਾਰੀਆਂ ਨੂੰ ਇਹ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਕਿ ਚਾਹੇ ਗਾਹਕ ਕਿਸੇ ਛੋਟੇ ਡਾਖਾਨੇ ਦੇ ਵਿੱਚ ਆਉਣ ਜਾਂ ਕਿਸੇ ਵੱਡੇ ਡਾਖਾਨੇ ਦੇ ਵਿੱਚ ਉਹਨਾਂ ਨੂੰ ਬਣਦਾ ਸਰਦਾ ਪੂਰਾ ਮਾਣ ਸਤਿਕਾਰ ਦਿੱਤਾ ਜਾਵੇ। ਉਹਨਾਂ ਆਪਣੇ ਮੁਲਾਜ਼ਮਾਂ ਤੇ ਏਜੰਟਾਂ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਨੂੰ ਵੱਧ ਤੋਂ ਵੱਧ ਡਾਕਖਾਨੇ ਵਿੱਚ ਮਿਲਣ ਵਾਲੀਆਂ ਸਹੂਲਤਾਂ ਤੋਂ ਜਾਣੂ ਕਰਵਾਉਣ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਡਾਕਖਾਨਿਆਂ ਵੱਲ ਨੂੰ ਆਕਰਸ਼ਿਤ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਕੋਈ ਸਮਾਂ ਸੀ ਜਦ ਲੋਕ ਪੂਰੀ ਤਰ੍ਹਾਂ ਦੇ ਨਾਲ ਡਾਕਖਾਨਾ ਤੇ ਨਿਰਭਰ ਸਨ। ਉਹਨਾਂ ਕਿਹਾ ਕਿ ਚਿੱਠੀ ਪੱਤਰ ਵੀ ਡਾਕ ਰਾਹੀ ਹੁੰਦੇ ਸੀ ਅੱਜ ਬੇਸ਼ੱਕ ਇੰਟਰਨੈਟ ਦਾ ਜਮਾਨਾ ਹੈ ਅਤੇ ਸੰਦੇਸ਼ ਇੱਕ ਅੱਖ ਦੀ ਝਪਕ ਦੇ ਨਾਲ ਹੀ ਦੂਸਰੇ ਤੱਕ ਪਹੁੰਚ ਜਾਂਦਾ ਹੈ ਪਰ ਫਿਰ ਵੀ ਅੱਜ ਕੱਲ ਕਈ ਲੋਕਾਂ ਵੱਲੋਂ ਡਾਕਖਾਨਾ ਦੇ ਰਾਹੀ ਹੀ ਚਿੱਠੀ ਪੱਤਰ ਦੀ ਵਰਤੋਂ ਕੀਤੀ ਜਾ ਰਹੀ ਹੈ। ਉਹਨਾਂ ਅਖੀਰ ਦੇ ਵਿੱਚ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਬੇਝਿਜਕ ਹੋ ਕੇ ਜਿਸ ਮਰਜ਼ੀ ਡਾਕਖਾਨੇ ਦੇ ਵਿੱਚ ਜਾ ਕੇ ਆਪਣਾ ਕੰਮ ਕਰਵਾਉਣ ਉਹਨਾਂ ਨੂੰ ਪੂਰੀ ਸਹਾਇਤਾ ਦਿੱਤੀ ਜਾਵੇਗੀ। ਇਸ ਮੌਕੇ ਪੋਸਟ ਆਫਿਸ ਛੇਹਰਟਾ ਦੇ ਸਮੂਹ ਸਟਾਫ ਅਦਿ ਹਾਜਰ ਸਨ।